# ਸਰਦਲ


ਸਤੰਬਰ 1974

September 1974

ਜਿਲਦ 4 ]                [ ਅੰਕ 2

ਮੁੱਲ — ਇਕ ਰੁਪਿਆ

ਸਾਲਾਨਾ ਚੰਦਾ — ਦਸ ਰੁਪਏ


## ਇਸ ਅੰਕ ਵਿਚ


ਏਕਤਾ ਦਾ ਸਵਾਲ — ਗੁਰਸ਼ਰਨ ਸਿੰਘ

ਮਜ਼ਦੂਰ ਘੋਲਾਂ ਬਾਰੇ — ਮੇਜਰ ਸਿੰਘ

ਭੁਲੇਖੇ — ਪ੍ਰਮਾਤਮਾ ਪਾਰਸ

ਬਿਹਾਰ — ਸੀ. ਪੀ. ਆਈ. ਰੈਜ਼ੂਲੇਸ਼ਨ

ਬਿਹਾਰ — ਜੇ ਪ੍ਰਕਾਸ਼ — ਜਗਨ ਨਾਥ ਸਰਕਾਰ ਸੀ. ਪੀ. ਆਈ.

ਬਿਹਾਰ — ਜਨ ਕ੍ਰਾਂਤੀ ਦੇ ਸੰਦਰਭ ਵਿਚ — ਸਤਿਆ ਨਾਰਾਇਣ ਸਿੰਘ ਸੀ. ਪੀ. ਆਈ. (ਐਮ.ਐਲ.)


### ਸੂਚਨਾ

ਅਕਤੂਬਰ ਅੰਕ ਤੋਂ 'ਸਰਦਲ' ਪਹਿਲੇ ਅਕਾਰ ਦਾ ਹੋਵੇਗਾ, ਜਿਸ ਦਾ ਮੁੱਲ 1.50 ਪ੍ਰਤੀ ਪਰਚਾ ਹੋਵੇਗਾ ਤੇ ਸਾਲਾਨਾ ਚੰਦਾ 15 ਰੁਪਏ ।


ਐਡੀਟਰ

ਗੁਰਬੰਸ ਸਿੰਘ ਜੌਲੀ


## ਖੱਬੀ ਸਿਆਸਤ ਅੰਕ

### ਇਹ ਹਮਾਰਾ ਜੀਵਣਾ / ਗੁਰਸ਼ਰਨ ਸਿੰਘ

1. **ਯੂਥ ਕਾਂਗਰਸ ਦੀ ਰੈਲੀ**—ਆਏ ਦਿਨ ਜਿਹੜੇ ਸਾਡੇ ਦੇਸ਼ ਦੀ ਰਾਜਸੀ ਜ਼ਿੰਦਗੀ ਵਿਚ ਮਜ਼ਾਕ ਹੁੰਦੇ ਹਨ — 9 ਅਗਸਤ ਦਿੱਲੀ ਵਿਖੇ ਯੂਥ ਕਾਂਗਰਸ ਦੀ ਰੈਲੀ ਉਹਨਾਂ ਵਿਚੋਂ ਇਕ ਹੈ । ਪਾਰਲੀਮੈਂਟ ਵਿਚ ਵਿਰੋਧੀ ਧੜੇ ਦੇ ਸਵਾਲਾਂ ਦੇ ਜਵਾਬ ਵਿਚ ਕਾਂਗਰਸੀ ਮੈਂਬਰਾਂ ਨੇ ਇਸ ਰੈਲੀ ਦੇ ਪੱਖ ਵਿਚ ਜੋ ਦਲੀਲ ਦਿਤੀ ਸੀ, ਉਹ ਇਹ ਸੀ ਕਿ ਜੇਕਰ ਦੇਸ਼ ਦੀ ਜਵਾਨੀ ਪ੍ਰਧਾਨ ਮੰਤਰੀ ਵਲ ਆਪਣਾ ਵਿਸ਼ਵਾਸ ਦਸਣ ਲਈ ਤੇ ਉਹਦਾ ਸੁਨਿਹਾ ਦਿੱਲੀ ਆ ਕੇ ਸੁਨਣਾ ਚਾਹੁੰਦੀ ਹੈ ਤਾਂ ਵਿਰੋਧੀ ਧੜੇ ਵਾਲਿਆਂ ਦੇ ਕਿਉਂ ਢਿਡ ਪੀੜ ਉਠਦੀ ਹੈ ? ਸੋ ਆਓ ਦੇਸ਼ ਦੀ ਜਵਾਨੀ ਦੇ ਨਜ਼ਾਰੇ ਵੇਖੀਏ —

● ਪੰਜਾਬ ਦੇ ਜਥੇ ਦੀ ਸਰਦਾਰੀ 'ਨੌਜਵਾਨ' ਗਿਆਨੀ ਜ਼ੈਲ ਸਿੰਘ ਕਰ ਰਿਹਾ ਸੀ — ਉਂਝ ਉਮਰ ਦੇ ਲਿਹਾਜ਼ ਨਾਲ ਜੇ ਗਿਆਨੀ ਜ਼ੈਲ ਸਿੰਘ ਨੌਜਵਾਨ ਹੈ ਤਾਂ ਮੇਰੇ ਖਿਆਲ ਵਿਚ ਜਿਹੜੇ ਆਪਣੇ ਆਪ ਨੂੰ ਨੌਜਵਾਨ ਕਹਿੰਦੇ ਹਨ, ਉਹਨਾਂ ਨੂੰ ਦੁਧ ਪੀਂਦੇ ਬੱਚੇ ਹੀ ਆਖਣਾ ਚਾਹੀਦਾ ਹੈ — ਇਹ ਨੌਜਵਾਨ ਬਾਹਵਾਂ ਉਲਾਰ ਉਲਾਰ ਕੇ ਨਾਅਰੇ ਮਾਰ ਰਿਹਾ ਸੀ, 'ਜ਼ਖੀਰਾਬਾਜ਼ਾਂ ਨੂੰ ਫਾਂਸੀ ਚੜ੍ਹਾਓ — ਇਸ ਨੌਜਵਾਨ ਕੋਲੋਂ ਕੋਈ ਪੁਛੇ ਕਿ ਭਲਿਆ ਲੋਕਾ ਫਾਂਸੀ ਕਿਸ ਨੇ ਚੜ੍ਹਾਉਣੀ ਏ ? ਕੁਰਸੀ ਤੇ ਤੂੰ ਆਪ ਬੈਠਾ ਏਂ ਤੇ ਤੇਰੇ ਨੱਕ ਥਲੇ ਬੈਠੇ ਜ਼ਖੀਰੇਬਾਜ਼ਾਂ ਨੇ ਕਣਕ 106 ਰੁਪਏ ਕਵਿੰਟਲ ਲੈ ਕੇ ਤਿੰਨ ਮਹੀਨਿਆਂ ਵਿਚ 195 ਰੁਪਏ ਕਰ ਦਿਤੀ ਏ ਤੇ ਤੂੰ ਕਰ ਕੁਝ ਨਹੀਂ ਸਕਿਆ (ਜਾਂ ਕਰਨਾ ਚਾਹੁੰਦਾ ਹੀ ਨਹੀਂ ਸੀ) ਤਾਂ ਫੇਰ ਇਹ ਬਾਹਵਾਂ ਉਲਾਰ ਉਲਾਰ ਕੇ ਕਿਸ ਨੂੰ

ਕੀਰਨੇ ਪਾ ਰਿਹਾ ਏਂ ?

● ਦੇਸ਼ ਦੀ 'ਜ਼ਵਾਨੀ' ਅੰਮ੍ਰਿਤਸਰ ਤੋਂ ਚਲੀ ਤਾਂ ਪਤਾ ਲੱਗਾ ਸ਼ਹਿਰ ਦੇ ਚਾਕੂ ਮਾਰ ਵੀ ਜਵਾਨੀ ਦੇ ਹੀ ਨੁਮਾਇੰਦੇ ਹਨ — ਉਹਨਾਂ ਨੇ ਵੀਹ ਮੀਲ ਦਾ ਫ਼ਾਸਲਾ ਹੀ ਤਹਿ ਕੀਤਾ ਤਾਂ ਆਪਣੀ ਜਵਾਨੀ ਦੇ ਕ੍ਰਿਸ਼ਮੇ ਵਿਖਾ ਦਿਤੇ — ਰਈਏ ਇਕ ਢਾਬੇ ਵਾਲੇ ਦਾ ਉਹਨਾਂ ਹਥੋਂ ਕਲਿਆਨ ਹੋ ਗਿਆ ਤੇ ਇਸ ਦੇ ਨਾਲ ਹੀ ਸਾਧਾਰਨ ਸ਼ਹਿਰੀਆਂ ਨੂੰ ਇਕ ਚਣੌਤੀ ਹੋ ਗਈ ਕਿ ਸਟੇਟ ਦੀ ਪਾਲੀ ਹੋਈ ਇਸ 'ਜਵਾਨੀ' ਦੇ ਵਿਰੁਧ ਜੇਕਰ ਕੋਈ ਬੋਲੇਗਾ ਤਾਂ ਇਹ ਕਲਿਆਨਕਾਰੀ ਮਿਹਰ ਉਹਦੇ ਉਤੇ ਵੀ ਹੋ ਜਾਵੇਗੀ ।

● ਹਿੰਦੁਸਤਾਨ ਟਾਈਮਜ਼ 13 ਅਗਸਤ ਦੀ ਖ਼ਬਰ ਹੈ ਕਿ ਦੇਸ਼ ਦੀ ਜਵਾਨੀ ਜਿਹੜੀ ਬੰਬਈ ਤੋਂ ਦਿੱਲੀ ਆਈ, ਉਹਦੀ ਆਉਂਦੀ ਵਾਰ ਤਾਂ ਗੱਡੀ ਵਿਚ ਖ਼ੂਬ ਖ਼ਾਤਿਰ ਹੋਈ ਅਤੇ ਨਾਲ ਵੀਹ ਵੀਹ ਰੁਪਏ ਦਿਹਾੜੀ ਦੇ ਵੀ ਮਿਲੇ ਕਿ ਗਰਮੀ ਵਿਚ ਉਹਨਾਂ ਨੇ ਪ੍ਰਧਾਨ ਮੰਤਰੀ ਦਾ ਸੁਨਿਹਾ ਸੁਣਨ ਦਾ ਕਸ਼ਟ ਕਰਨਾ ਹੈ — ਵਾਪਸੀ ਤੇ ਜਿਹੜਾ ਜਵਾਨੀ ਦਾ ਇੰਚਾਰਜ ਸੀ ਉਹ ਹਵਾਈ ਜਹਾਜ਼ ਰਾਹੀਂ ਬੰਬਈ ਪੁਜ ਗਿਆ ਤੇ ਜਵਾਨੀ ਵਿਚਾਰੀ ਨੂੰ ਭੁਖੇ ਭਾਣੀ ਦਿੱਲੀ ਸਟੇਸ਼ਨ ਤੇ ਹੀ ਛੱਡ ਗਿਆ — ਇਸ ਜ਼ਵਾਨੀ ਨੇ ਫੇਰ ਮਥੁਰਾ, ਕੋਟਾ, ਰਤਲਾਮ, ਬੜੋਦਾ, ਸੂਰਤ ਆਦਿਕ ਸਟੇਸ਼ਨਾਂ ਤੇ ਆਪਣੇ ਜੌਹਰ ਵਿਖਾਏ, ਸਟਾਲ ਲੁਟੇ, ਲੋਕਾਂ ਨੂੰ ਕੁਟਿਆ, ਦੰਗਾ ਫ਼ਸਾਦ ਕੀਤਾ । ਇਕ ਥਾਂ ਤੇ ਪੁਲਸ ਨੂੰ ਮੁਦਾਖ਼ਲਤ ਕਰਨੀ ਪਈ — 'ਨਿਰੋਧ' ਦੇ ਪੈਕਟ, ਸ਼ਰਾਬ ਦੀਆਂ ਬੋਤਲਾਂ, ਸਮੱਗਲ ਕੀਤੀਆਂ ਹੋਈਆਂ ਚੌਲਾਂ ਦੀਆਂ ਬੋਰੀਆਂ ਇਨ੍ਹਾਂ ਗੱਡੀਆਂ ਵਿਚੋਂ ਮਿਲੀਆਂ — ਕਹਿੰਦੇ ਨੇ ਕੁਝ ਸਿਰ ਸ਼ਰਮ ਨਾਲ ਝੁਕ ਗਏ । ਪ੍ਰਧਾਨ ਮੰਤਰੀ ਨੇ ਇਸ ਜਵਾਨੀ ਨੂੰ ਸੰਬੋਧਨ ਕਰਦਿਆਂ ਹੋਇਆਂ ਦੋ ਦਿਨ ਪਹਿਲਾਂ ਇਹ ਆਖਿਆ ਸੀ ਕਿ ਇਸ ਜਵਾਨੀ ਉਤੇ ਦੇਸ਼ ਦਾ ਭਵਿੱਖ ਨਿਰਭਰ ਹੈ ।

**2. ਆਲੋਚਕ ਦੀ ਬੋਲੀ ਜਾਂ ਫੋਕੀ ਫੂੰ ਫਾਂ**—13-14 ਜੁਲਾਈ ਗੁਰੂ ਨਾਨਕ ਯੂਨੀਵਰਸਿਟੀ ਵਿਚ ਪੰਜਾਬੀ ਨਾਵਲ ਬਾਰੇ ਸੈਮੀਨਾਰ ਹੋਇਆ—ਇਸ ਵਿਚ ਜੋਗਿੰਦਰ ਸਿੰਘ ਰਾਹੀ ਵਲੋਂ ਇਕ ਪੇਪਰ 'ਪੰਜਾਬੀ ਨਾਵਲ ਦੀ ਸਥਿਤੀ' ਤੇ ਪੜ੍ਹਿਆ ਗਿਆ — ਇਸ ਪੇਪਰ ਨੂੰ ਪੰਜਾਬੀ ਆਲੋਚਨਾ ਵਿਚ ਇਕ ਮੀਲ ਪੱਥਰ ਕਿਹਾ ਗਿਆ — ਸਾਰੇ ਸਰੋਤਿਆਂ ਨੇ ਇਸ ਦੀ ਬੋਲੀ ਤੇ ਇਤਰਾਜ਼ ਕੀਤਾ, ਕਿਉਂਕਿ ਇਹ ਬੋਲੀ ਪੰਜਾਬੀ ਨਹੀਂ ਸੀ ਅਤੇ ਸਰੋਤਿਆਂ ਦੀ ਸਮਝ ਵਿਚ ਆਉਣ ਵਾਲੀ ਨਹੀਂ ਸੀ । ਸੋਹਣ ਸਿੰਘ ਜੋਸ਼ ਵਰਗੇ ਵਿਦਵਾਨ ਵੀ ਇਸ ਸ਼ਿਕਾਇਤ ਵਿਚ ਸ਼ਾਮਲ ਸਨ । ਜੁਗਿੰਦਰ ਸਿੰਘ ਰਾਹੀ ਨੇ ਇਹ ਕਹਿ ਕੇ ਕਿ 'ਆਲੋਚਕਾਂ ਦੀ ਆਪਣੀ ਹੀ ਜ਼ਬਾਨ ਹੁੰਦੀ ਹੈ' ਟਿਪਣੀ ਕਰਨ ਵਾਲਿਆਂ ਦੀ ਗੱਲ ਟਾਲ ਦਿਤੀ — ਮਿਸਾਲ ਮਾਰਕਸ ਦੇ 'ਕੈਪੀਟਲ' ਦੇ ਮਾਰੀ ਕਿ ਇਸ ਨੂੰ 'ਜਣਾ ਖਣਾ ਨਹੀਂ ਸਮਝ ਸਕਦਾ' ਸੀ — ਇਥੇ ਸਵਾਲ ਉਠਦਾ ਹੈ ਕਿ ਜੇਕਰ ਗਲ ਸਮਝ ਹੀ ਨਹੀਂ ਆਉਣੀ ਤਾਂ ਪਬਲਿਕ ਫੰਡ ਦੇ ਨਾਲ ਕੀਤੇ ਇਹ ਸੈਮੀਨਾਰ ਕਿਹੜੇ ਲੋਕਾਂ ਦੇ ਫ਼ਾਇਦੇ ਲਈ ਹਨ ? ਜੇਕਰ ਆਲੋਚਕਾਂ ਨੇ ਆਪਣੀ ਬੋਲੀ ਵਿਚ ਹੀ ਗਲ ਕਰਨੀ ਹੈ ਤਾਂ ਉਹ ਕਿਤਾਬ ਭਾਵੇਂ ਲਿਖ ਦੇਣ, ਤਾਂ ਜੋ ਪਾਠਕਾਂ ਨੂੰ ਜੇਕਰ ਪੁੱਗੇ ਤਾਂ ਉਹ ਪੜ੍ਹ ਲੈਣ, ਜੇ ਨਹੀਂ ਪੜ੍ਹਨਾ ਚਾਹੁੰਦੇ ਤਾਂ ਉਹਨਾਂ ਦੀ ਸਮਝ ਤੋਂ ਬਾਹਰ ਹੋਵੇ ਤਾਂ ਉਹ ਉਸ ਨੂੰ ਪਰੇ ਰਖ ਦੇਣ, ਪਰ ਸੈਮੀਨਾਰ ਵਿਚ ਸਰੋਤੇ ਇਕ ਜ਼ਰੂਰੀ ਭਾਗ ਹਨ । ਸਭਾ ਦੇ ਕਾਇਦੇ ਅਨੁਸਾਰ ਉਹਨਾਂ ਨੇ ਬੋਲਣ ਵਾਲਿਆਂ ਨੂੰ ਸੁਨਣਾ ਹੈ ਅਤੇ ਬੋਲਣ ਵਾਲੇ ਦਾ ਫ਼ਰਜ਼ ਹੈ ਕਿ ਉਹ ਉਸ ਜ਼ਬਾਨ ਵਿਚ ਗੱਲ ਕਰੇ, ਜਿਸ ਨੂੰ ਸਰੋਤੇ ਸਮਝ ਸਕਣ — ਯੂਨੀਵਰਸਿਟੀਆਂ ਦੇ ਵਿਦਵਾਨਾਂ ਵਿਚ ਇਹ ਫੋਕੀ ਆਕੜ ਵਾਲੀ ਰੁਚੀ (snabbery) ਪੈਦਾ ਹੋ ਰਹੀ ਹੈ — ਇਸ ਨੂੰ ਠੱਲ੍ਹ ਪਾਉਣ ਦੀ ਲੋੜ ਹੈ — ਫੋਕੀ ਆਕੜ ਸ਼ਬਦ ਮੈਂ ਤਾਂ ਵਰਤਿਆ ਹੈ ਕਿਉਂਕਿ ਜੋਗਿੰਦਰ ਸਿੰਘ ਰਾਹੀ ਨੇ ਆਪਣੇ ਪੇਪਰ ਵਿਚ ਜੋ ਕੁਝ ਸਿਧ ਕੀਤਾ ਹੈ ਉਹ ਬੜੀ ਸੌਖੀ ਤਰ੍ਹਾਂ ਸਾਧਾਰਨ ਜ਼ਬਾਨ ਵਿਚ ਵੀ ਦਸਿਆ ਜਾ ਸਕਦਾ ਸੀ, ਜਿਸ ਦਾ ਸਰੋਤਿਆਂ ਨੂੰ ਵੀ ਫਾਇਦਾ ਹੁੰਦਾ ਤੇ ਸਰੋਤਿਆਂ ਵਿਚ ਬੈਠੇ ਨਾਵਲਕਾਰ ਨੂੰ ਵੀ — ਬਿਲਕੁਲ ਮਾਮੂਲੀ ਪੱਧਰ ਦੇ ਕੱਢੇ ਗਏ ਨਿਰਣੇ, ਜਿਹਨਾਂ ਉਤੇ ਸੌ ਕਿੰਤੂ ਹੋ ਸਕਦੇ ਹਨ, ਔਖੀ ਜ਼ਬਾਨ ਵਰਤ ਕੇ ਇਕ ਮਸਨੂਈ ਕਿਸਮ ਦਾ ਰੁਅਬ ਪਾਉਣ ਦਾ ਯਤਨ ਅਤੇ ਫੇਰ ਉਹਨਾਂ ਨਿਰਣਿਆਂ ਦੀ ਜ਼ਬਾਨ ਨੂੰ ਮਾਰਕਸ ਵਲੋਂ ਕਢੇ ਗਏ ਕੁਝ ਬੁਨਿਆਦੀ ਜੁਗ ਪਲਟਾਊ ਨਿਰਣਿਆਂ ਦੀ ਜ਼ਬਾਨ ਨਾਲ ਤੁਲਣਾ ਦੇਣੀ ਕਿਸੇ ਤਰ੍ਹਾਂ ਵੀ ਉਚਿਤ ਨਹੀਂ — ਬਾਕੀ ਸਾਹਿਤ ਜਾਂ ਆਲੋਚਨਾ ਵਿਚ ਗਡੇ ਗਏ ਪੱਥ-ਪੱਥਰਾਂ ਜਾਂ ਮੀਲ ਪੱਥਰਾਂ ਦੇ ਨਿਰਣੇ ਕੁਲਪਤੀਆਂ ਨੇ ਨਹੀਂ ਕਰਨੇ ਹੁੰਦੇ, ਇਹ ਸਾਹਿਤ ਦੇ ਪਾਠਕਾਂ ਨੇ ਕਰਨੇ ਹੁੰਦੇ ਹਨ, ਉਹਨਾਂ ਦਾ ਮੌਜੂ ਬਨਾਉਣ ਦਾ ਕਿਸੇ ਵਿਦਵਾਨ ਨੂੰ ਹੱਕ ਨਹੀਂ, ਜਿਸ ਤਰ੍ਹਾਂ ਜੁਗਿੰਦਰ ਸਿੰਘ ਰਾਹੀ ਨੇ ਕੀਤੀ ਹੈ ।

# ਪਾਠਕ ਲੇਖਕ ਫੋਰਮ

## ਏਕਤਾ ਦਾ ਸਵਾਲ / ਗੁਰਸ਼ਰਨ ਸਿੰਘ

ਜੁਲਾਈ 'ਸਰਦਲ' ਵਿਚ ਮੇਰੀ ਪਰਗਟ ਕੀਤੀ ਗਈ ਏਕਤਾ ਦੀ ਭਾਵਨਾ ਨੂੰ ਸੁਰਜੀਤ ਗਿੱਲ ਅਤੇ ਪ੍ਰੇਮ ਸਿੰਘ (ਅਗਸਤ-ਸਰਦਲ) ਨੇ ਗੈਰ ਮਾਰਕਸੀ ਕਿਹਾ ਹੈ। ਇਸ ਤੋਂ ਪਹਿਲਾ ਵੀ ਜਦੋਂ ਮੈਂ ਏਕਤਾ ਬਾਰੇ ਇਕ ਨੋਟ ਲਿਖਿਆ ਸੀ ਤਾਂ ਮੇਰੇ ਇਕ ਨਕਸਲੀ ਵੀਰ ਨੇ ਇਸ ਭਾਵਨਾ ਨੂੰ ਗੈਰ-ਮਾਰਕਸੀ ਅਤੇ ਗੈਰ-ਵਿਗਿਆਨਿਕ ਕਿਹਾ ਸੀ। ਉਹਦਾ ਕਹਿਣਾ ਸੀ ਕਿ ਸੱਚੇ ਇਨਕਲਾਬੀਆ ਦੀ ਸੋਧਵਾਦੀਆ ਜਾਂ ਨਵਸੋਧਵਾਦੀਆਂ ਨਾਲ ਏਕਤਾ ਇਨਕਲਾਬੀਆ ਨੂੰ ਖੱਸੀ ਕਰਨ ਦਾ ਅਮਲ ਹੈ। ਤਿੰਨਾ ਵਿਚਾਰਵਾਨਾਂ ਦੀਆਂ ਲਿਖਤਾਂ ਵਿਚ ਇਹ ਸਵਾਲ ਪੁਛਿਆ ਗਿਆ ਹੈ ਕਿ **ਇਸ ਏਕਤਾ ਦਾ ਅਧਾਰ ਕੀ ਹੋ ਸਕਦਾ ਹੈ?** ਇਸ ਤੋਂ ਪਹਿਲਾਂ ਏਕਤਾ ਦਾ ਅਧਾਰ ਮਿਥੀਏ, ਮੈਂ ਇਹ ਮਿਥਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਦੇਸ਼ ਦੇ ਇਕ ਸਾਧਾਰਨ ਕਮਿਊਨਿਸਟ ਦਾ ਤੁਅੱਲਕ ਹੈ, ਫੁਟ ਦਾ ਆਧਾਰ ਕੀ ਹੈ? ਕੀ ਇਹ ਸਾਡੀ ਅਮਲੀ ਸਿਆਸਤ ਵਿਚੋਂ ਨਿਕਲਿਆ ਹੈ ਜਾਂ ਖਾਹਮਖਾਹ ਸਾਡੇ ਉਤੇ ਲੱਦ ਦਿਤਾ ਗਿਆ ਹੋਇਆ ਹੈ? ਕੀ ਇਹ ਦੂਰ ਨਹੀਂ ਹੋ ਸਕਦਾ? ਅਸੀਂ ਕਮਿਊਨਿਸਟ ਕੇਡਰ ਨੇ ਵਰ੍ਹਿਆ ਬੱਧੀ ਇਕੱਠਾ ਕੰਮ ਕੀਤਾ ਹੈ, ਵਰ੍ਹਿਆ ਬੱਧੀ ਨਿਕੇ ਮੋਟੇ ਅਤੇ ਕਈ ਵਾਰੀ ਵਡੇ ਮਤਭੇਦ ਹੁੰਦੇ ਹੋਏ ਵੀ ਇਕ ਨਿਸ਼ਾਨੇ ਦੀ ਪੂਰਤੀ ਲਈ ਲਹਿਰ ਵਲ ਵਫਾਦਾਰੀ ਨਿਭਾਹੀ ਹੈ। ਸਟੇਟ ਦਾ ਵਡੇ ਤੋਂ ਵਡਾ ਜੱਬਰ ਆਪਣੇ ਉਤੇ ਸਿਹਾ ਹੈ। ਹੁਣ ਕਿਹੜੀ ਐਸੀ ਗੱਲ ਹੋ ਗਈ ਹੈ? ਕਿਹੜੀ ਇਤਿਹਾਸਿਕ ਘਟਨਾ ਵਾਪਰ ਗਈ ਹੈ, ਜਿਹਦੇ ਕਰ ਕੇ ਸਾਨੂੰ ਇਕ ਦੂਜੇ ਦੇ ਵਿਰੁਧ ਡੰਡੇ ਚੁਕਣ ਦੀ ਲੋੜ ਪੈ ਗਈ ਹੈ? ਤਿੰਨਾ ਪਾਰਟੀਆਂ ਦੇ ਦਸਤਾਵੇਜ਼ ਸਾਹਮਣੇ ਰਖੀਏ ਤਾਂ ਹੇਠ ਲਿਖੀਆਂ ਸੱਚਾਈਆਂ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ।

੧—ਤਿੰਨੋਂ ਪਾਰਟੀਆਂ ਦਾ ਐਲਾਨੀਆਂ ਇਹ ਨਿਸ਼ਾਨਾ ਹੈ ਕਿ ਦੇਸ਼ ਦਾ ਵਰਤਮਾਨ ਰਾਜਸੀ ਢਾਂਚਾ ਮਿਹਨਤਕਸ਼ ਲੋਕਾਂ ਦੇ ਹਿਤਾਂ ਵਿਚ ਨਹੀਂ। ਇਸ ਨੂੰ ਮਿਹਨਤਕਸ਼ ਜਮਾਤਾਂ ਦੇ ਹਿੱਤਾਂ ਦੇ ਅਨੁਕੂਲ ਬਣਾਉਣ ਲਈ ਬੁਨਿਆਦੀ ਤਬਦੀਲੀਆਂ ਦੀ ਲੋੜ ਹੈ ਅਤੇ ਇਹਦੇ ਨਾਲ ਹੀ ਵਿਸ਼ਲੇਸ਼ਨ ਹੈ ਕਿ ਵਰਤਮਾਨ ਢਾਂਚੇ ਵਿਚ ਦੇਸੀ ਇਜਾਰੇਦਾਰੀ ਦੀ ਪ੍ਰਧਾਨਗੀ ਹੈ, ਜਿਸ ਦੀ ਵਿਦੇਸ਼ੀ ਇਜਾਰੇਦਾਰੀ ਨਾਲ ਭਾਈਵਾਲੀ ਹੈ। ਇਹ ਦੁਸ਼ਮਣ ਜਮਾਤ ਹੈ, ਪਰ ਇਹ ਰਾਜ ਸਿਧੇ ਤਰੀਕੇ ਨਾਲ ਨਹੀਂ ਕਰ ਰਹੀ ਭਾਵ ਦੇਸ਼ ਵਿਚ ਰਾਜ ਸੁਤੰਤਰ ਪਾਰਟੀ ਦਾ ਨਹੀਂ, ਸਗੋਂ ਕਾਂਗਰਸ ਦਾ ਹੈ, ਜਿਸ ਵਿਚ ਸਾਰੀਆਂ ਜਮਾਤਾਂ ਦੇ ਨੁਮਾਇੰਦੇ ਹਨ, ਭਾਵੇਂ ਉਹ ਏਜੰਟਾਂ ਦੀ ਸ਼ਕਲ ਵਿਚ ਹੀ ਹਨ, ਇਹ ਬਾਹਰੀ ਰੂਪ ਵਿਚ ਮੌਜੂਦ ਹਨ। ਇਨਕਲਾਬੀਆਂ ਦੀ ਵੱਡੀ ਲੜਾਈ ਇਸ ਇਜਾਰੇਦਾਰ ਜਮਾਤ ਦੇ ਵਿਰੁਧ ਹੈ। ਇਸ ਫਾਰਮੂਲੇਸ਼ਨ ਵਿਚ ਥੋੜੀ ਬਹੁਤ ਅਦਲਾ-ਬਦਲੀ ਹੋ ਸਕਦੀ ਹੈ, ਪਰ ਮੋਟੇ ਤੌਰ ਤੇ ਸਹਿਮਤੀ ਹੈ। ਮਤਭੇਦ ਇਸ ਗੱਲ ਤੇ ਹੈ ਕਿ ਦੁਸ਼ਮਣ ਵਿਰੁਧ ਇਸ ਲੜਾਈ ਵਿਚ ਭਾਈਵਾਲੀ ਕਿਹੜੇ ਕਿਹੜੇ ਲੋਕਾਂ ਦੀ ਹੋਵੇ। ਸੀ.ਪੀ.ਆਈ. ਦੇ ਹਰ ਦਸਤਾਵੇਜ਼ ਵਿਚ ਜਾਂ ਲੀਡਰਾਂ ਵਲੋਂ ਦਸੇ ਹੋਏ ਪ੍ਰੋਗਰਾਮ ਵਿਚ ਭਾਵੇਂ ਉਹ ਮਹਿੰਗਾਈ ਦੇ ਵਿਰੁਧ ਸੰਘਰਸ਼ ਦਾ ਹੋਵੇ — ਜਾਂ ਉਜਰਤਾਂ ਜਾਮ ਕਰਨ ਦੇ ਵਿਰੁਧ ਹੋਵੇ ਜਾਂ ਇਹ ਐਲਾਨ ਹੀ ਹੋਵੇ ਕਿ ਕਾਂਗਰਸ ਦੇ ਅੰਦਰ ਪਿਛਾਹ-ਖਿਚੂ ਅਨਸਰ ਨੇ ਆਪਣੇ ਪੈਰ ਪੂਰੀ ਤਰ੍ਹਾਂ ਜਮਾ ਲਏ ਹਨ ਕਾਂਗਰਸ ਦੇ ਅੰਦਰ ਦੇ ਜਮਹੂਰੀ ਅਨਸਰਾਂ ਦਾ ਹੋਸ਼ ਜ਼ਰੂਰ ਜਾਗਦਾ ਹੈ, ਜਿਸ ਤਰ੍ਹਾਂ ਉਸ ਅਨਸਰ ਨੇ ਹੀ ਸਮਾਜਕ ਤਬਦੀਲੀ ਵਿਚ ਕੋਈ ਫੈਸਲਾਕੁਨ ਹਿੱਸਾ ਪਾਉਣਾ ਹੈ ਅਤੇ ਉਸ ਅਨਸਰ ਨੂੰ ਨਾਲ ਲਏ ਬਗੈਰ ਕੋਈ ਵੀ ਲੜਾਈ ਨਹੀਂ ਲੜੀ ਜਾ ਸਕਦੀ। ਸੀ ਪੀ ਆਈ ਲੀਡਰਾਂ ਦੀ ਇਹ ਜ਼ਿੱਦ ਖੱਬੀਆਂ ਤਾਕਤਾਂ ਦੀ ਏਕਤਾ ਵਿਚ ਰੋੜਾ ਹੈ। ਉਂਞ ਸੀ. ਪੀ. ਆਈ. ਜੇਕਰ ਐਲਾਨੀਆ ਪਾਲਿਸੀ ਵਿਚ ਆਪਣੇ ਆਪ ਨੂੰ ਦੇਸ਼ ਦੇ ਜਮਹੂਰੀ ਅਨਸਰ ਜਾਂ ਖੱਬੀਆਂ ਪਾਰਟੀਆਂ ਤਕ ਸੀਮਤ ਰਖੇ ਤਾਂ ਕੀ ਉਹ ਉਹਦੇ ਬੁਨਿਆਦੀ ਸਟੈਂਡ ਵਿਚ ਕੋਈ ਫਰਕ ਪੈਂਦਾ ਹੈ? ਮੇਰੇ ਖਿਆਲ ਵਿਚ ਕੋਈ ਫਰਕ ਨਹੀਂ ਪੈਂਦਾ। ਜੇਕਰ ਵਡੇ ਮਨੋਰਥ ਲਈ ਸੁਹਿਰਦਤਾ ਹੈ ਤਾਂ ਇਸ ਨੁਕਤੇ ਤੇ ਅੜੀ ਜਾਣਾ ਇਕ ਬਚਕਾਨਾ ਜ਼ਿੱਦ ਹੈ। ਆਰਥਿਕ ਨੀਤੀਆਂ ਦੀ ਜ਼ਿਮੇਵਾਰੀ ਨੂੰ ਹਾਲੇ ਵਿਚਾਰ ਥਲੇ ਨਾ ਲਿਆਂਦੇ ਹੋਏ, ਇਕ ਗੱਲ ਤਾਂ ਸਪੱਸ਼ਟ ਹੈ ਕਿ ਦੇਸ ਵਿਚ ਜੋ ਧਾਂਦਲੀ ਅਤੇ ਭ੍ਰਿਸ਼ਟਾਚਾਰ ਮਚਿਆ ਹੋਇਆ ਹੈ, ਸਮੁਚੀ ਕਾਂਗਰਸ ਪਾਰਟੀ ਉਹਦੀ ਜ਼ਿਮੇਂਵਾਰ ਹੈ, ਜੋ ਐਵੇਂ ਖਾਹਮਖਾਹ ਕਾਂਗਰਸ ਦੇ ਅੰਦਰ ਦੇ ਅਨਸਰ ਦੀ ਰੱਟ ਪਿੱਟੀ ਜਾਣੀ ਕਿੰਨੀ ਕੁ ਸਿਆਣਪ ਹੈ? ਰੇਲਵੇ ਹੜਤਾਲ ਨੇ ਇਹ ਸਾਬਤ ਕਰ ਦਿਤਾ ਹੈ ਕਿ ਕਾਂਗਰਸ ਵਿਚ ਰੇਡੀਕਲ ਅਨਸਰ ਖਾਸ ਕੋਈ ਨਹੀਂ ਅਤੇ ਉਹ ਅਨਸਰ

ਜੇਕਰ ਉਥੇ ਹੈ ਵੀ ਤਾਂ ਉਹ ਉਥੇ ਬੈਠਾ ਲੋਕਾਂ ਦੇ ਹਿਤਾਂ ਵਿਚ ਆਪਣਾ ਕੰਮ ਕਰੀ ਜਾਏ । ਉਸ ਨੂੰ ਆਪਣੇ ਕੰਮ ਵਿਚ ਸੀ.ਪੀ.ਆਈ. ਵਲੋਂ ਨਾਉਂ ਲਏ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ ਤੇ ਨਾ ਹੀ ਉਹਨੂੰ ਸੀ.ਪੀ.ਆਈ. ਦੀ ਹਮਾਇਤ ਦੀ ਲੋੜ ਹੈ, ਸਗੋਂ ਸੀ. ਪੀ. ਆਈ. ਨਾਲ ਉਸ ਅਨਸਰ ਦਾ ਮੇਲ-ਜੋਲ ਉਸ ਦੇ ਆਪਣੀ ਪਾਰਟੀ ਵਿਚ ਕੰਮ ਕਰਨ ਵਿਚ ਰੁਕਾਵਟ ਹੀ ਸਾਬਤ ਹੁੰਦਾ ਹੈ । ਸੋ ਜਿਥੇ ਸੀ.ਪੀ.ਆਈ. ਉਸ ਅਨਸਰ ਦਾ ਕੁਝ ਨਹੀਂ ਸੁਆਰਦੀ, ਉਥੇ ਇਹਦੀ ਇਹ ਪਾਲਿਸੀ ਖੱਬੀਆਂ ਤਾਕਤਾਂ ਵਿਚ ਫੁਟ ਪਾਂਦੀ ਹੈ । ਸੀ. ਪੀ. ਆਈ. ਅੰਨ੍ਹੀ ਕਾਂਗਰਸ ਦੁਸ਼ਮਣੀ ਦੇ ਹੱਕ ਵਿਚ ਨਹੀਂ, ਪਰ ਉਹਦਾ ਕਾਂਗਰਸ ਦੇ ਇਕ ਨਿਗੂਣੇ ਜਹੇ ਅਨਸਰ ਦੀ ਭਗਤੀ ਜਾਂ ਉਸ ਉਤੇ ਟੇਕ ਵੀ ਬੇਅਰਥ ਹੈ । ਸੋ ਮਤਭੇਦ ਦਾ ਇਹ ਆਧਾਰ ਬੜੀ ਅਸਾਨੀ ਨਾਲ (ਬੁਨਿਆਦੀ ਫਾਰਮੂਲੇਸ਼ਨ ਵਿਚ ਕਿਸੇ ਸਮਝੌਤੇ ਜਾਂ ਸ਼ਿਫਟਿੰਗ ਤੋਂ ਬਗੈਰ) ਦੂਰ ਕੀਤਾ ਜਾ ਸਕਦਾ ਹੈ । ਸੀ. ਪੀ. ਆਈ. ਇਥੇ ਇਕ ਮਿਸਾਲ ਦੇ ਸਕਦੀ ਹੈ ਕਿ ਮਾਰਕਸੀ ਪਾਰਟੀ ਨਾਲ ਬੰਗਾਲ ਅਤੇ ਕੇਰਲਾ ਵਿਚ ਇਕੱਠੇ ਕੰਮ ਦੇ ਦੌਰਾਨ ਮਾਰਕਸੀ ਪਾਰਟੀ ਦੀ ਉਨ੍ਹਾਂ ਨੂੰ ਹੜੱਪ ਕਰਨ ਦੀ ਪਾਲਸੀ ਰਹੀ ਹੈ, ਪਰ ਇਹ ਇਕ ਬੜੀ ਸੱਤਹੀ ਜਿਹੀ ਗੱਲ ਹੈ । ਸਾਂਝੀਆਂ ਕਮੇਟੀਆਂ ਵਿਚ ਇਹਦਾ ਨਿਰਣਾ ਹੋ ਸਕਦਾ ਹੈ । ਅਛੂਤਾ ਮੈਨਨ ਕੇਰਲਾ ਵਿਚ ਕੋਈ ਚੰਗਾ ਕੰਮ ਜ਼ਰੂਰੀ ਨਹੀਂ ਕਿ ਕਾਂਗਰਸ ਦੀ ਮਦਦ ਨਾਲ ਹੀ ਕਰ ਸਕਦੇ ਹਨ, ਉਹ ਤੇ ਨੰਬੂਦਰੀਪਾਦ ਰਲ ਕੇ ਅਵਾਮ ਲਈ ਬਹੁਤਾ ਕੰਮ ਕਰ ਸਕਦੇ ਹਨ — ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ।

ਦੂਜੀ ਗੱਲ ਆਂਦੀ ਹੈ ਕਿ ਕੀ ਇਸ ਸਿਸਟਮ ਨੂੰ ਅਸੀਂ ਪਾਰਲੀਮੈਂਟਰੀ ਸਰਗਰਮੀਆਂ ਨਾਲ ਬਦਲ ਸਕਦੇ ਹਾਂ ? ਇਥੇ ਮੱਤਭੇਦ ਸਪੱਸ਼ਟ ਹਨ । ਇਥੇ ਸੀ. ਪੀ. ਆਈ. ਦਾ ਸਟੈਂਡ ਹੈ ਕਿ ਪਾਰਲੀਮੈਂਟ ਰਾਹੀਂ ਇਸ ਸਿਸਟਮ ਨੂੰ ਬਦਲਣ ਦੀ ਸੰਭਾਵਨਾ ਹੈ । ਮਾਰਕਸੀ ਪਾਰਟੀ ਦਾ ਸਟੈਂਡ ਹੈ ਕਿ ਇਹਦੀ ਸੰਭਾਵਨਾ ਨਹੀਂ ਹੈ, ਪਰ ਪਾਰਲੀਮੈਂਟਰੀ ਸਰਗਰਮੀਆਂ ਦਾ ਬਾਈਕਾਟ ਨਹੀਂ ਹੋਣਾ ਚਾਹੀਦਾ, ਸਗੋਂ ਇਸ ਫੋਰਮ ਨੂੰ ਇਸ ਸਿਸਟਮ ਤੇ ਭ੍ਰਿਸ਼ਟਾਚਾਰ ਨੂੰ ਨੰਗਿਆਂ ਕਰਨ ਅਤੇ ਲੋਕਾਂ ਨੂੰ ਲਾਮਬੰਦ ਕਰਨ ਵਿਚ ਵਰਤਿਆ ਜਾਣਾ ਚਾਹੀਦਾ ਹੈ — ਐਮ. ਐਲ. ਵਾਲਿਆਂ ਦਾ ਸਟੈਂਡ ਹੈ ਕਿ ਪਾਰਲੀਮੈਂਟਰੀ ਸਰਗਰਮੀਆਂ ਲੋਕਾਂ ਦੀ ਤਾਕਤ ਜ਼ਾਇਆ ਕਰਨ ਦਾ ਅਮਲ ਹੈ । ਇਹ ਤਾਕਤ ਲੋਕਾਂ ਨੂੰ ਜਥੇਬੰਦ ਕਰ ਕੇ ਹਥਿਆਰਬੰਦ ਇਨਕਲਾਬ ਦੀ ਤਿਆਰੀ ਵਾਸਤੇ ਲਗਾਉਣੀ ਚਾਹੀਦੀ ਹੈ । ਇਥੇ ਸਵਾਲ ਉਠਦਾ ਹੈ ਕਿ ਇਹ ਤਿੰਨੇ ਸਟੈਂਡ ਰਖਦੇ ਹੋਏ ਵੀ ਕੀ ਲੋਕਾਂ ਦੇ ਹਿਤਾਂ ਵਿਚ ਸਾਂਝੇ ਸੰਘਰਸ਼ ਨਹੀਂ ਕੀਤੇ ਜਾ ਸਕਦੇ ? ਸੀ.ਪੀ.ਆਈ. ਆਪਣੀ ਸੰਭਾਵਨਾ ਵਾਸਤੇ ਕੰਮ ਕਰੇ, ਮਾਰਕਸੀ ਵੀਰ ਆਪਣੇ ਤਰੀਕੇ ਨਾਲ ਇਨਕਲਾਬ ਦੀ ਤਿਆਰੀ ਕਰਨ ਤੇ ਐਮ. ਐਲ. ਆਪਣੀ ਸੂਝ ਅਤੇ ਸਮਝ ਅਨੁਸਾਰ, ਕੀ ਇਥੇ ਆਪਸੀ ਲੜਾਈ ਦਾ ਕੋਈ ਕਾਰਨ ਹੈ ? ਅਮਲ ਵਿਚ ਆਪੇ ਪਤਾ ਲਗ ਜਾਏਗਾ ਕਿ ਕੌਣ ਠੀਕ ਏ ਤੇ ਕੌਣ ਗਲਤ ਏ ? ਹੁਣੇ ਨਾਲ ਆਪਸ ਵਿਚ ਡਾਂਗ ਸੋਟਾ ਚੁਕਣ ਦਾ ਕੀ ਮਤਲਬ ਏ? 'ਸੋਧਵਾਦੀ' 'ਨਵਸੋਧਵਾਦੀ' 'ਵਡੇ ਇਨਕਲਾਬੀ' ਇਕ ਦੂਜੇ ਉਤੇ ਅਵਾਜ਼ੇ ਕਸਣੇ ਜਾਂ ਮਿਹਣੇ ਦੇਣ ਨਾਲ ਕੀ ਵੱਟਿਆ ਜਾ ਸਕਦਾ ਹੈ ? ਇਹ ਤਿੰਨੋਂ ਸਟੈਂਡ ਤਾਂ ਮੇਰੇ ਵਿਚਾਰ ਵਿਚ ਇਕ ਪਾਰਟੀ ਵਿਚ ਵੀ ਬਰਦਾਸ਼ਤ ਕੀਤੇ ਜਾ ਸਕਦੇ ਹਨ ਅਤੇ ਪਾਰਟੀ ਦੇ ਅੰਦਰ ਬਰਦਾਸ਼ਤ ਹੁੰਦੇ ਵੀ ਰਹੇ ਹਨ, ਪਾਰਟੀ ਅੰਦਰ ਵੀ ਇਹਨਾਂ ਰੁਝਾਨਾਂ ਦਾ ਆਪਸੀ ਸੰਘਰਸ਼ ਸੰਭਵ ਰਿਹਾ ਹੈ, ਸੋ ਫੁਟ ਦਾ ਇਕ ਅਧਾਰ ਜੋ ਪਾਰਲੀਮੈਂਟਰੀ ਸਰਗਰਮੀਆਂ ਬਾਰੇ ਵੱਖ ਵੱਖ ਸੋਚ ਹੈ ਤਾਂ ਇਹ ਬਣਾਵਟੀ ਮਤਭੇਦ ਹੈ ।

ਤੀਸਰੀ ਗੱਲ ਅੰਤਰਰਾਸ਼ਟਰੀ ਕਮਿਊਨਿਸਟ ਸਿਆਸਤ ਦੀ ਹੈ । ਸੀ.ਪੀ.ਆਈ. ਇਕ ਸਿਰੇ ਤੇ ਰੂਸੀ ਬਲਾਕ ਨਾਲ ਹੈ, ਜਦੋਂ ਕਿ ਐਮ.ਐਲ ਚੀਨ ਦੀ ਪਾਰਟੀ ਦਾ ਪੈਂਤੜਾ ਸੰਸਾਰ ਇਨਕਲਾਬ ਦੇ ਪ੍ਰਸੰਗ ਵਿਚ ਠੀਕ ਸਮਝਦੀ ਹੈ । ਮਾਰਕਸੀ ਪਾਰਟੀ, ਅੰਤਰਰਾਸ਼ਟਰੀ ਕਮਿਊਨਿਸਟ ਸਿਆਸਤ ਵਿਚ ਆਪਣਾ ਧੜਾ ਰਹਿਤ ਰਹਿਣ ਦਾ ਹੱਕ ਮਹਿਫੂਜ਼ ਰਖਦੀ ਹੈ । ਭਾਰਤ ਵਿਚ ਇਨਕਲਾਬ ਦੇ ਸੰਦਰਭ ਵਿਚ, ਜੇਕਰ ਜ਼ਰਾ ਜਿੰਨਾ ਵੀ ਡੂੰਘਾ ਸੋਚੀਏ ਤਾਂ ਇਸ ਸਟੇਜ ਤੇ, ਮੇਰੇ ਵਿਚਾਰ ਵਿਚ ਅੰਤਰਰਾਸ਼ਟਰੀ ਸਿਆਸਤ ਕਿਧਰੇ ਵੀ ਤਸਵੀਰ ਵਿਚ ਨਹੀਂ ਆਂਦੀ । ਇਸ ਨੂੰ ਬਦੋਬਦੀ ਖਿੱਚ ਲਿਆਈਏ ਤਾਂ ਵੱਖਰੀ ਗੱਲ ਹੈ । ਉਂਝ ਵੇਖਿਆ ਜਾਏ (ਇਥੇ ਮੈਂ ਆਪਣੀ ਪੂਰੀ ਜਾਣਕਾਰੀ ਦੀ ਅਣਹੋਂਦ ਕਰ ਕੇ ਆਪਣੀ ਸੋਚ ਦੀ ਸੀਮਾਂ ਸਵੀਕਾਰ ਕਰਦਾ ਹਾਂ) ਕਿ ਸੰਸਾਰ ਇਨਕਲਾਬ ਦਾ ਪੈਂਤੜਾ ਰੂਸ ਅਤੇ ਚੀਨ ਦੋਨੋਂ ਪੂਰੀ ਤਰ੍ਹਾਂ ਨਹੀਂ ਨਿਭਾ ਰਹੇ, ਸਗੋਂ ਉਹ ਹਰ ਇਕ ਸੰਸਾਰ ਇਸ਼ੂ ਉਤੇ ਆਪਣੇ ਹਿਤਾਂ ਦੀ ਰਖਵਾਲੀ ਕਰਨ ਦੀ ਪ੍ਰੈਕਟੀਕਲ ਪਾਲਿਟਿਕਸ (ਜਿਹਨੂੰ ਮੌਕਾ-ਸ਼ਨਾਸੀ ਵੀ ਕਿਹਾ ਜਾ ਸਕਦਾ ਹੈ) ਦਾ ਸਟੈਂਡ

ਲੈਂਦੇ ਹਨ । ਅਮਰੀਕਾ ਵਰਗੇ ਸਾਮਰਾਜੀ ਦੇਸ਼ ਨਾਲ ਵਕਤੀ ਸਮਝੌਤੇ ਵੀ ਕਰਦੇ ਹਨ । ਅਸੀਂ ਉਹਨਾਂ ਬਾਰੇ ਅੱਧ-ਪਚੱਧੀ ਜਾਣਕਾਰੀ ਜਾਂ ਇਕ ਪਾਸੀ ਜਾਣਕਾਰੀ ਰਖਦੇ ਹੋਏ ਇਕ ਧਿਰ ਦੇ ਪੱਖ ਜਾਂ ਵਿਰੁਧ ਵਿਚ ਧੂਤੇ ਬਣੇ ਹੋਏ ਹਾਂ ਅਤੇ ਆਪਸ ਵਿਚ ਡਾਂਗ ਸੋਟਾ ਹੋ ਰਹੇ ਹਾਂ । ਅਸੀਂ ਬਦੋਬਦੀ ਮਾਓ ਦੀ 'ਪਰਸਾਰ ਨੀਤੀ' ਜਾਂ 'ਸਮਾਜਕ ਸਾਮਰਾਜ' ਦੇ ਸ਼ਬਦ ਵਰਤ ਕੇ ਅੰਤਰਰਾਸ਼ਟਰੀ ਸਿਆਸਤ ਨੂੰ ਆਪਣੀ ਸਿਆਸਤ ਵਿਚ ਘੁਸੇੜ ਰਹੇ ਹਾਂ । ਵੀਅਤਨਾਮ ਵਰਗਾ ਇਕ ਨਿੱਕਾ ਦੇਸ਼ ਜੇਕਰ ਆਪਣੇ ਆਪ ਨੂੰ ਇਸ ਸਿਆਸਤ ਵਿਚ ਉਲਝਾਏ ਬਗੈਰ ਆਪਣਾ ਇਨਕਲਾਬੀ ਸੰਘਰਸ਼ ਕਾਮਯਾਬੀ ਨਾਲ ਲੜ ਸਕਦਾ ਹੈ ਤਾਂ ਅਸੀਂ ਇਸ ਇਸ਼ੂ ਨੂੰ ਲਏ ਬਗੈਰ ਕਿਓਂ ਨਹੀਂ ਲੜ ਸਕਦੇ ?

ਅੰਤਰਰਾਸ਼ਟਰੀ ਸਿਆਸਤ ਰਹਿਤ ਮੇਰੇ ਸਟੈਂਡ ਨੂੰ ਇਕ ਦਮ ਗੈਰ ਮਾਰਕਸੀ ਕਹਿ ਕੇ ਭੰਡਿਆ ਜਾ ਸਕਦਾ ਹੈ, ਕਿਉਂ ਕਿ ਮਾਰਕਸਇਜ਼ਮ ਦੀ ਸ਼ਬਦਾਵਲੀ ਵਿਚ ਕੁਝ ਸ਼ਬਦ ਐਸੇ ਹਨ, ਜਿਨ੍ਹਾਂ ਨੂੰ ਅਸੀਂ ਆਦਤ ਦੇ ਤੌਰ ਤੇ ਵਰਤਦੇ ਹਾਂ ਅਤੇ ਜਿਹੜਾ ਉਹਨਾਂ ਸ਼ਬਦਾਂ ਵਿਚ ਗਲ ਨਹੀਂ ਸਕਦਾ ਉਹ ਇਕਦਮ ਗੈਰ ਮਾਰਕਸੀ ਗਰਦਾਨਿਆ ਜਾਂਦਾ ਹੈ — ਪਰ ਮੈਂ ਆਲੋਚਕਾਂ ਕੋਲੋਂ ਸਪੱਸ਼ਟ ਮਿਸਾਲ ਜਾਨਣਾ ਚਾਹਵਾਂਗਾ, ਜਿਸ ਨਾਲ ਉਹ ਸਾਬਤ ਕਰਨ ਕਿ ਰੂਸ ਜਾਂ ਚੀਨ ਦੇ ਪੱਖ ਵਿਰੁਧ ਹੋਏ ਬਗੈਰ ਭਾਰਤ ਦਾ ਇਨਕਲਾਬ ਨਹੀਂ ਲੜਿਆ ਜਾ ਸਕਦਾ । ਕਿਰਪਾ ਕਰਕੇ ਇਥੇ ਮਾਰਕਸ ਜਾਂ ਲੈਨਿਨ ਦੀਆਂ ਲਿਖਤਾਂ ਵਿਚੋਂ ਟੂਕ ਦੇ ਕੇ ਗਲ ਨਾ ਮੁਕਾਈ ਜਾਏ, ਸਗੋਂ ਅੱਜ ਦੀ ਸਿਆਸਤ ਵਿਚੋਂ ਸਪੱਸ਼ਟ ਮਿਸਾਲ ਦਿੱਤੀ ਜਾਵੇ । ਮੇਰੇ ਵਿਚਾਰ ਵਿਚ ਮਾਰਕਸਇਜ਼ਮ ਇਕ ਵਿਗਿਆਨਕ ਵਿਧੀ ਹੈ, ਜਿਹੜੀ ਸਾਮਰਾਜੀ ਸਥਿਤੀ ਨੂੰ ਸਮਝਣ ਵਿਚ ਸਹਾਇਤਾ ਕਰਦੀ ਹੈ । ਉਸ ਦੀ ਵਰਤੋਂ ਇਕ ਧਾਰਮਿਕ ਵਿਅਕਤੀ ਵਾਂਗ ਨਹੀਂ ਹੋਣੀ ਚਾਹੀਦੀ, ਜਿਹੜਾ ਹਰ ਸਥਿਤੀ ਵਿਚ ਗੁਰੂ ਗਰੰਥ ਸਾਹਿਬ ਵਿਚੋਂ ਇਕ ਟੂਕ ਦਾ ਹਵਾਲਾ ਦੇ ਦੇਂਦਾ ਹੈ (ਬਦਕਿਸਮਤੀ ਨਾਲ ਸਾਡੇ ਬਹੁਤੇ ਮਾਰਕਸੀ ਇਸ ਕਰੁਚੀ ਦਾ ਸ਼ਿਕਾਰ ਹਨ) । ਇਸ ਤੀਸਰੇ ਨੁਕਤੇ ਰਾਹੀਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਦਭੇਦਾਂ ਦਾ ਇਹ ਆਧਾਰ ਵੀ ਯਥਾਰਥਕ ਨਹੀਂ, ਆਪਣੇ ਆਪਣੇ ਪੱਖ ਰੱਖਦੇ ਹੋਏ ਵੀ ਅੰਤਰਰਾਸ਼ਟਰੀ ਸਿਆਸਤ ਨੂੰ ਹਰ ਮਸਲੇ ਤੇ ਉਤੇ ਲਿਆਉਣਾ ਕੋਈ ਬਹੁਤਾ ਜ਼ਰੂਰੀ ਨਹੀਂ ।

**ਫਿਰ ਕਾਰਣ ਕੀ ਹੈ ?**

ਇਹ ਸਾਰਾ ਕੁਝ ਕਹਿਣ ਦੇ ਬਾਅਦ ਸਵਾਲ ਉਠਦਾ ਹੈ ਜੇਕਰ ਇਹ ਸਭ ਕੁਝ ਇਤਨਾ ਸਾਦਾ ਹੈ ਜਾਂ ਸਿਰਫ ਏਨੀ ਕੁ ਹੀ ਗੱਲ ਹੈ ਤਾਂ ਫੇਰ ਇਹ ਫੁੱਟ ਕਿਉਂ ? ਇਸ ਬਾਰੇ ਮੈਂ ਫੇਰ ਸਪੱਸ਼ਟ ਕਰ ਦੇਵਾਂ ਕਿ ਜਿਥੋਂ ਤਕ ਕਮਿਊਨਿਸਟ ਕੇਡਰ ਦਾ ਸਵਾਲ ਹੈ, ਗੱਲ ਸਾਦੀ ਹੀ ਹੈ, ਪਰ ਇਸ ਨੂੰ ਕਮਿਊਨਿਸਟ ਪਾਰਟੀਆਂ ਦੇ ਆਗੂਆਂ ਨੇ ਖਾਹ-ਮਖਾਹ ਗੁੰਝਲਦਾਰ ਬਣਾਇਆ ਹੋਇਆ ਹੈ — ਇਹਨਾਂ ਵਿਚੋਂ ਬਹੁਤੇ ਅਮਲੀ ਸਿਆਸਤ ਵਿਚ ਫੇਲ ਹੋਏ ਹੋਏ ਹਨ । ਅਮਲੀ ਸਿਆਸਤ ਦੀ ਇਹਨਾਂ ਵਿਚ ਲਿਆਕਤ ਨਹੀਂ । ਥਿਊਰੀਆਂ ਨੂੰ ਵੀ ਉਹ ਅੱਖਾਂ ਤੇ ਮਾਂਗਵੀਆਂ ਐਨਕਾਂ ਚੜ੍ਹਾ ਕੇ ਪੜ੍ਹਦੇ ਹਨ । ਪ੍ਰੇਮ ਸਿੰਘ ਨੂੰ ਮੇਰੀ ਇਹ ਗੱਲ ਮਾੜੀ ਲੱਗੀ ਏ ਕਿ ਮੈਂ ਕੇਡਰ ਨੂੰ ਲੀਡਰਾਂ ਦੇ ਵਿਰੁਧ ਚੁਕਦਾ ਹਾਂ । ਮੇਰਾ ਕਦੀ ਵੀ ਇਹ ਮੰਤਵ ਨਹੀਂ, ਪਰ ਮੈਂ ਇਹਨਾਂ ਦੀ ਲਿਆਕਤ ਬਾਰੇ ਜ਼ਰੂਰ ਕਿੰਤੂ ਕਰਨ ਲਗ ਪਿਆ ਹਾਂ । ਇਹਨਾਂ ਵਿਚੋਂ ਬਹੁਤੇ ਬੁਰਜੂਆ ਪਾਰਟੀਆਂ ਦੇ ਲੀਡਰ ਬਣਨ ਦੇ ਭਾਵੇਂ ਯੋਗ ਹੋਣ, ਪਰ ਕਮਿਊਨਿਸਟ ਪਾਰਟੀਆਂ ਦੇ ਲੀਡਰ ਬਣਨ ਲਈ ਇਹਨਾਂ ਵਿਚ ਯੋਗਤਾ ਨਹੀਂ, ਇਹਨਾਂ ਨੇ ਪਾਰਟੀ ਲੀਡਰਸ਼ਿਪ ਤੇ ਇਕ ਜੱਫਾ ਪਾਇਆ ਹੋਇਆ ਹੈ ਅਤੇ ਉਹ ਇਹ ਜੱਫਾ ਛੱਡਣਾ ਨਹੀਂ ਚਾਹੁੰਦੇ । ਪ੍ਰੇਮ ਸਿੰਘ ਨੂੰ ਇਸ ਗੱਲ ਤੇ ਗੁਮਾਨ ਹੈ ਕਿ ਲੀਡਰਸ਼ਿਪ ਹੇਠਲੀਆਂ ਇਕਾਈਆਂ ਵਿਚੋਂ ਚੋਣ ਦੇ ਬਕਾਇਦਾ ਤਰੀਕੇ ਨਾਲ ਉਪਰ ਆਉਂਦੀ ਹੈ, ਇਸ ਕਰ ਕੇ ਉਹ ਸਰਵ ਉੱਤਮ ਹੈ, ਪਰ ਤਜਰਬੇ ਦੀ ਬਿਨਾ ਤੇ ਮੇਰਾ ਵਿਚਾਰ ਬਿਲਕੁਲ ਇਸ ਦੇ ਉਲਟ ਹੈ । ਇਸ ਸਰਵ ਉੱਤਮ ਲੀਡਰਸ਼ਿਪ ਨੇ ਪਾਰਟੀ ਨੂੰ ਸਿਹਤਮੰਦ ਤਰੀਕੇ ਨਾਲ Grow ਹੀ ਨਹੀਂ ਹੋਣ ਦਿਤਾ । ਜਿਹੜਾ ਇਕ ਵਾਰੀ ਹੋਲ ਟਾਈਮਰ ਬਣ ਜਾਂਦਾ ਹੈ (ਇਸ ਵਿਚ ਸ਼ੱਕ ਨਹੀਂ ਕਿ ਇਹ ਇਕ ਕੁਰਬਾਨੀ ਵਾਲਾ ਕੰਮ ਹੈ), ਉਹ ਆਪਣਾ ਇਕ ਫਰੰਟ ਸਾਭ ਲੈਂਦਾ ਹੈ, ਜਨਤਾ ਵਿਚ ਜਾਂ ਉਸ ਖੇਤਰ ਵਿਚ ਜਿਥੇ ਉਹ ਕੰਮ ਕਰਦਾ ਹੈ, ਉਹਦੀ ਪੁੱਛ ਹੋਵੇ ਜਾਂ ਨਾ ਹੋਵੇ, ਪਰ ਪਾਰਟੀ ਵਿਚ ਉਹ ਇਲਾਕਾਈ ਕਮੇਟੀ, ਤਹਿਸੀਲ ਕਮੇਟੀ, ਜਿਲਾ ਕਮੇਟੀ, ਸੂਬਾ ਕਮੇਟੀ ਆਦਿਕ ਦਾ ਮੈਂਬਰ ਬਣਦਾ ਜਾਏਗਾ । ਆਪਣੀ ਚਾਰ ਦੀਵਾਰੀ ਵਿਚ ਇਹ ਆਗੂ ਬਹੁਤ ਮਹਿਫੂਜ਼ ਹਨ । ਪ੍ਰੇਮ ਸਿੰਘ, ਸੁਰਜੀਤ ਗਿੱਲ ਪਾਰਟੀਆਂ ਦੇ ਪੁਰਾਣੇ ਮੈਂਬਰ ਹਨ, ਉਹ ਇਸ ਸਾਰੇ ਅਮਲ ਤੋਂ ਪੂਰੀ ਤਰ੍ਹਾਂ ਜਾਣੂ ਹਨ ਕਿ ਕਿੰਤੂ ਕਰਨ ਵਾਲੇ ਬਲੇ ਵਾਲੇ ਕਾਮਰੇਡ

ਨੂੰ ਕਿਸ਼ ਚੁਪ ਕਰਵਾਇਆ ਜਾਂਦਾ ਹੈ — ਕੁਝ ਸਿਧਾਂਤਕ ਟੁਕਾਂ ਰਾਹੀਂ ਤੇ ਕੁਝ ਉਤੋਂ ਆਈ ਲਾਈਨ ਦੇ ਡਸਿਪਲਨ ਨਾਲ — ਮੈਂ ਜਾਤੀ ਤੌਰ ਤੇ ਡਸਿਪਲਨ ਦੇ ਪੂਰੇ ਹੱਕ ਵਿਚ ਹਾਂ, ਪਰ ਉਹ ਡਸਿਪਲਨ ਸੂਝ ਤੋਂ ਪੈਦਾ ਹੋਣਾ ਚਾਹੀਦਾ ਹੈ, ਅੰਨ੍ਹੀ ਭਗਤੀ ਤੋਂ ਨਹੀਂ — ਲੀਡਰਸ਼ਿਪ ਕਿਹੋ ਜਿਹੀਆਂ ਬਚਕਾਨਾ ਗਲਤੀਆਂ ਕਰਦੀ ਹੈ, ਇਹਦੇ ਬਾਰੇ ਇਕ ਨਹੀਂ ਸੈਂਕੜੇ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ,ਲੀਡਰ ਕਦੀ ਏਕਤਾ ਦੀ ਗਲ ਵਲ ਨਹੀਂ ਆਣਗੇ, ਸਗੋਂ ਕੋਈ ਨਾ ਕੋਈ ਮਤਭੇਦ ਵਾਲਾ ਇਸ਼ੂ ਖੜਾ ਹੀ ਰਖਣਗੇ। ਪਰ ਥੱਲਿਓਂ ਕੇਡਰ ਦੀ ਵਿਸ਼ਾਲ ਏਕਤਾ ਇਹਨਾਂ ਨੂੰ ਕਿਸੇ ਵੇਲੇ ਮਜਬੂਰ ਕਰ ਸਕਦੀ ਹੈ ਕਿ ਜਾਂ ਤਾ ਇਹ ਆਪਣੀਆ ਪੁਰਾਣੀਆ ਈਰਖਾਵਾਂ ਨੂੰ ਛੱਡ ਕੇ ਏਕਤਾ ਵਲ ਕਦਮ ਵਧਾਣ ਜਾ ਰਸਤੇ ਵਿਚੋਂ ਹਟ ਜਾਣ, ਕਿਉਂਕਿ ਜਿਹੜੀਆਂ ਜ਼ਿਮੇਂਵਾਰ ਪਦਵੀਆਂ ਤੇ ਇਹ ਬੈਠੇ ਹਨ, ਉਹਨਾ ਪਦਵੀਆਂ ਦੇ ਯੋਗ ਨਹੀਂ। ਇਨ੍ਹਾਂ ਵਿਚੋਂ ਬਹੁਤੇ ਨਾ ਤਾ ਇਨਕਲਾਬੀ ਜਮਾਤਾਂ ਵਿਚੋਂ ਹਨ ਅਤੇ ਨਾ ਹੀ ਇਹਨਾਂ ਜਮਾਤਾਂ ਵਿਚ ਇਹਨਾਂ ਨੇ ਕੰਮ ਕਰ ਕੇ ਆਪਣੇ ਆਪ ਨੂੰ ਡੀ ਕਲਾਸ ਕੀਤਾ ਹੈ। ਜੇ ਕਿਸੇ ਨੂੰ ਸ਼ੱਕ ਹੈ ਤਾਂ ਉਂਗਲਾਂ ਤੇ ਗਿਣਨਾ ਸ਼ੁਰੂ ਕਰ ਦੇਵੇ ਆਪੇ ਗੱਲ ਨਿਖਰ ਆਵੇਗੀ।

ਮੇਰਾ ਈਮਾਨ ਹੈ ਕਿ ਕਮਿਊਨਿਸਟ ਤੇ ਸਿਰਫ ਕਮਿਊਨਿਸਟ ਹੀ ਇਸ ਨਿਜ਼ਾਮ ਨੂੰ ਬਦਲਣ ਵਿਚ ਆਪਣਾ ਇਤਿਹਾਸਕ ਹਿੱਸਾ ਪਾ ਸਕਦੇ ਹਨ, ਬਾਕੀ ਪਾਰਟੀਆਂ ਇਸ ਸਿਸਟਮ ਵਿਚ ਸਿਰਫ ਸੁਧਾਰ ਚਾਹੁਣਗੀਆਂ। ਉਹ ਭ੍ਰਿਸ਼ਟਾਚਾਰ, ਲੁਟ-ਖਸੁਟ, ਕਾਲੇ ਬਜ਼ਾਰੀ ਤੇ ਜ਼ਖੀਰਾਖੋਰੀ ਵਿਰੁਧ ਰੌਲਾ ਭਾਵੇਂ ਬਹੁਤਾ ਪਾਉਣਗੀਆਂ, ਪਰ ਉਹ ਇਸ ਵਿਚ ਬੁਨਿਆਦੀ ਤਬਦੀਲੀਆਂ ਨਹੀਂ ਲਿਆਉਣਗੀਆਂ। ਇਹ ਕਮਿਊਨਿਸਟ ਹੀ ਹਨ ਜੋ ਦਿਮਾਗੀ ਤੌਰ ਤੇ ਤੰਗ ਨਜ਼ਰੀ ਦੀ ਫਿਰਕਾ ਪ੍ਰਸਤੀ ਅਤੇ ਦੇਸ਼ ਭਗਤੀ ਦੇ ਵਿਰੁਧ ਹਨ ਅਤੇ ਮਨੁਖਤਾ ਦੀਆਂ ਕਦਰਾਂ ਕੀਮਤਾਂ ਬਾਰੇ ਸਹੀ ਸੈਕੂਲਰ ਸਮਝ ਰਖਦੇ ਹਨ। ਇਹ ਗਿਣਤੀ ਵਿਚ ਜਿੰਨੇ ਬਹੁਤੇ ਹੋਏ ਅਤੇ ਬਹੁਤੇ ਸੰਗਠਨ ਹੋ ਕੇ ਦੁਸ਼ਮਣ ਜਮਾਤ ਦੇ ਵਿਰੁਧ ਕਰਾਰੀ ਸੱਟ ਮਾਰਨ ਦੇ ਕਾਬਲ ਹੋਏ, ਉਤਨੀ ਜਲਦੀ ਇਹ ਕੰਮ ਨੇਪਰੇ ਚੜ੍ਹਦਾ ਹੈ। ਮੈਂ ਇਹ ਮੰਗ ਨਹੀਂ ਕਰਦਾ ਕਿ ਇਹ ਪਾਰਟੀਆਂ ਆਪਸ ਵਿਚ 'ਮਰਜ' (Merge) ਹੋ ਜਾਣ, ਸਮੁੱਚੀ ਸਥਿਤੀ ਬਾਰੇ ਵੱਖ ਵੱਖ ਫਾਰਮੂਲੇਸ਼ਨ ਰੱਖਦੇ ਹੋਏ ਵੀ ਵਡੇ ਨਿਸ਼ਾਨੇ ਦੀ ਪ੍ਰਾਪਤੀ ਲਈ ਵਿਸ਼ਾਲ ਏਕਤਾ ਹੋ ਸਕਦੀ ਹੈ ਅਤੇ ਇਹ ਹੋਣਾ ਚਾਹੀਦਾ ਹੈ।

ਸੁਰਜੀਤ ਗਿੱਲ ਹੋਰਾਂ ਨੇ ਸੁਹਿਰਦਤਾ ਬਾਰੇ ਇਕ ਸਵਾਲ ਉਠਾਇਆ ਹੈ ਕਿ ਕਮਿਊਨਿਸਟ ਜੇਕਰ ਸੁਹਿਰਦ ਨਹੀਂ ਤਾਂ ਉਹ ਕਮਿਊਨਿਸਟ ਨਹੀਂ। ਮੈਂ ਸਮਝਦਾ ਹਾਂ ਕਿ 'ਸੁਹਿਰਦਤਾ' ਦੀ ਕਸੌਟੀ 'ਅਮਲ' ਹੁੰਦਾ ਹੈ, 'ਜਦੋਂ ਕੋਈ ਭੀੜ ਪਵੇ ਤਾਂ ਜਿਹੜਾ ਬੰਦਾ ਸਮੂਹੇ ਕਾਜ਼ ਲਈ ਆਪਣੇ ਰੁਸੇਵੇਂ, ਈਰਖਾ ਅਤੇ ਨਫਰਤ ਉੱਤੇ ਕਾਬੂ ਪਾ ਕੇ ਤਨੋਂ ਮਨੋਂ ਆਪਣੇ ਆਪ ਨੂੰ ਸਮਰਪਣ ਕਰ ਦੇਵੇ ਅਤੇ ਸੱਚ ਦੇ ਪੱਖ ਵਿਚ ਖਲੋਵੇ, ਉਹ ਸੁਹਿਰਦ ਹੈ। ਸਾਡੇ ਦੇਸ਼ ਵਿਚ ਐਸ ਵੇਲੇ ਸਥਿਤੀ ਇਹੋ ਜਹੀ ਹੈ ਕਿ ਕਮਿਊਨਿਸਟਾਂ ਦਾ ਏਕਾ ਇਸ ਵਿਚ ਫੈਸਲਾਕੁਣ ਹਿੱਸਾ ਪਾ ਸਕਦਾ ਹੈ। ਇਹੀ ਸਾਡੀ ਸੁਹਿਰਦਤਾ ਦਾ ਇਮਤਿਹਾਨ ਹੈ। ਬਗਾਵਤ ਦਾ ਝੰਡਾ ਜੈ ਪ੍ਰਕਾਸ਼ ਨਾਰਾਇਣ ਵਲੋਂ ਨਹੀਂ; ਕਮਿਊਨਿਸਟਾਂ ਵਲੋਂ ਉਠਣਾ ਚਾਹੀਦਾ ਸੀ। ਪਰ ਹਾਲਾਤ ਦੀ ਸਿਤਮ ਜ਼ਰੀਫੀ ਦੇਖੋ ਕਿ ਕਮਿਊਨਿਸਟਾਂ ਦੀ ਇਕ ਧਿਰ ਨੂੰ counteract ਕਰਨ ਲਈ ਇਸ ਗਲੀ-ਸੜੀ ਜਮਹੂਰੀਅਤ ਦੀ ਡੀਫੈਂਸ ਦਾ ਆਸਰਾ ਲੈਣਾ ਪੈ ਰਿਹਾ ਹੈ। ਕੀ ਅਸੀਂ ਜੈ ਪ੍ਰਕਾਸ਼ ਦੀ ਸਤਹੀ ਬਗਾਵਤ ਦੀ ਥਾਂ ਅਸਲੀ ਇਨਕਲਾਬ ਦਾ ਨਾਅਰਾ ਦੇ ਕੇ ਉਹਨੂੰ counteract ਨਹੀਂ ਕਰ ਸਕਦੇ? ਇਹ ਗੱਲਾਂ ਸੁਹਿਰਦ ਕਮਿਊਨਿਸਟਾਂ ਦੇ ਸੋਚਣ ਵਾਲੀਆਂ ਹਨ, ਕੇਡਰ ਵਲੋਂ ਇਹਨਾਂ ਬਾਰੇ ਲੀਡਰਾਂ ਕੋਲੋਂ ਸਵਾਲ ਪੁਛੇ ਜਾਣੇ ਚਾਹੀਦੇ ਹਨ। ਇਹ ਅਨੁਸ਼ਾਸਨ ਵਿਚ ਵਿਘਨ ਨਹੀਂ ਪਾਏਗਾ, ਸਗੋਂ ਪਾਰਟੀਆਂ ਦੇ ਫੌਲਾਦੀ-ਕਰਨ ਦਾ ਅਮਲ ਹੋਵੇਗਾ।

ਪ੍ਰੇਮ ਸਿੰਘ ਨੇ ਮੇਰੇ ਇਸ ਕਥਨ ਤੇ ਵੀ ਇਤਰਾਜ਼ ਕੀਤਾ ਹੈ ਕਿ 'ਕਮਿਊਨਿਸਟ ਪਾਰਟੀ ਦਾ ਇਤਿਹਾਸ ਅਸਫਲਤਾਵਾਂ ਦਾ ਲੰਮਾ ਇਤਿਹਾਸ ਹੈ'। ਉਹਨੇ ਕਮਿਊਨਿਸਟ ਲਹਿਰ ਦੀਆਂ ਪ੍ਰਾਪਤੀਆਂ ਦੀ ਇਕ ਲੰਮੀ ਲਿਸਟ ਗਿਣਵਾਈ ਹੈ। ਮੈਂ ਇਹਨਾਂ ਤੋਂ ਇਨਕਾਰ ਨਹੀਂ ਕਰਦਾ, ਪਰ ਪ੍ਰੇਮ ਸਿੰਘ ਅਗੇ ਬੇਨਤੀ ਕਰਾਂਗਾ ਕਿ ਇਨ੍ਹਾਂ ਪ੍ਰਾਪਤੀਆਂ ਨੂੰ 'ਸੰਭਾਵਨਾਵਾਂ' ਦੇ ਸੰਦਰਭ ਵਿਚ ਵਿਚਾਰਿਆ ਜਾਏ ਕਿ 'ਸੰਭਾਵਨਾਵਾਂ' ਕਿੰਨੀ ਕੁ ਪ੍ਰਾਪਤੀ ਦੀਆਂ ਸਨ ਤੇ ਅਸਲ ਕਿੰਨੀ ਕੁ ਕੀਤੀ ਗਈ ਤਾਂ ਆਪਣੇ ਆਪ ਕਮਿਊਨਿਸਟ ਲਹਿਰ ਦੀ ਇਸ ਦੇਸ਼ ਵਿਚ ਅਸਫਲਤਾ ਦਾ ਇਤਿਹਾਸ ਸਪੱਸ਼ਟ ਹੋ ਜਾਏਗਾ — ਦੇਸ਼ ਦੇ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਮਨੁਖ ਹਮੇਸ਼ਾ ਇਸ ਲਹਿਰ ਨਾਲ ਸਬੰਧਤ ਰਹੇ ਹਨ। ਉਹ ਇਸ ਫਲਸਫੇ ਦੀ ਪ੍ਰਾਪਤੀ ਹੈ, ਪਰ ਰਾਜਸੀ ਖੇਤਰ ਵਿਚ ਸੰਭਾਵਨਾਵਾਂ ਦੇ ਮੁਕਾਬਲੇ ਪ੍ਰਾਪਤੀ ਉਤੇ ਜ਼ਰਾ ਜਿੰਨਾ ਵੀ ਫਖਰ ਨਹੀਂ ਕੀਤਾ ਜਾ ਸਕਦਾ — ਅਸੀਂ ਕਮਿਊਨਿਸਟ ਜਿਤਨੀ

ਜਲਦੀ ਇਸ ਹਕੀਕਤ ਨੂੰ ਮੰਨ ਲਈਏ ਅਤੇ ਸਵੈ-ਆਲੋਚਨਾ ਕਰੀਏ, ਉਤਨੀ ਹੀ ਬਹੁਤੀ ਅਸੀਂ ਲਹਿਰ ਵੱਲ ਵਫ਼ਾਦਾਰੀ ਨਿਭਾਵਾਂਗੇ।

ਸਿਰ ਜੋੜ ਕੇ ਬੈਠੀਏ ਤਾਂ ਬਹੁਤੇ ਭਰਮ ਅਤੇ ਭੁਲੇਖੇ, ਜਿਨ੍ਹਾਂ ਦੇ ਅਸੀਂ ਸ਼ਿਕਾਰ ਹਾਂ, ਅਸੀਂ ਦੂਰ ਕਰ ਸਕਦੇ ਹਾਂ ਤੇ ਇਸੇ ਲਈ ਵਾਰ ਵਾਰ ਮੈਂ ਕਮਿਊਨਿਸਟਾਂ ਲਈ ਏਕਤਾ ਦੀ ਗੱਲ ਕਰਦਾ ਹਾਂ — ਆਪਣੀ ਫੁੱਟ ਕਰਕੇ ਅਸੀਂ ਆਪਣੀਆਂ ਬੁਨਿਆਦੀ ਜਮਾਤਾਂ ਨੂੰ ਸੰਗਠਨ ਨਹੀਂ ਕਰ ਸਕਦੇ, ਇਸੇ ਕਰਕੇ ਕੋਈ ਵੀ ਘੋਲ ਭਾਵੇਂ ਉਹ ਹੜਤਾਲ ਦੀ ਸ਼ਕਲ ਵਿਚ ਹੋਵੇ ਜਾਂ ਬੰਦ ਦੀ ਸ਼ਕਲ ਵਿਚ ਹੋਵੇ, ਆਪਣਾ ਅਸਰ ਨਹੀਂ ਰੱਖ ਰਿਹਾ। ਜੇ ਅਸੀਂ ਇਨਕਲਾਬ ਵੱਲ ਸੁਹਿਰਦ ਹਾਂ ਤਾਂ ਆਪਸੀ ਮਤਭੇਦਾਂ ਨੂੰ ਮਤਭੇਦਾਂ ਦੀ ਰੌਸ਼ਨੀ ਵਿਚ ਲਈਏ — ਤੁਹਮਤਬਾਜ਼ੀ, ਤਾਹਨੇਬਾਜ਼ੀ ਬੰਦ ਕਰਕੇ ਇਕ ਮਾਹੌਲ ਸੇਹਤਮੰਦ ਵਾਦਵਿਵਾਦ ਦਾ ਪੈਦਾ ਕਰੀਏ — ਆਪਸੀ ਲੜਾਈ ਦਾ ਪ੍ਰਯੋਗ ਬਹੁਤ ਸਮਾਂ ਅਸੀਂ ਕਰ ਲਿਆ ਹੈ, ਇਕ ਮਿਥੇ ਸਮੇਂ ਲਈ 'ਸੁਲਾਹ' ਦਾ ਪ੍ਰਯੋਗ ਕਰਕੇ ਵੇਖ ਲਈਏ, ਤੇ ਵਿਸ਼ਵਾਸ ਮੇਰਾ ਇਹ ਜ਼ਰੂਰ ਹੈ ਕਿ ਨਤੀਜੇ ਚੰਗੇ ਹੀ ਨਿਕਲਣਗੇ। ਇਸ ਮੰਗ ਨੂੰ idealism ਕਹਿ ਕੇ ਨਾ ਟਾਲ ਦਿਤਾ ਜਾਏ — ਇਹ ਮੰਗ ਕਮਿਊਨਿਸਟਾਂ ਕੋਲੋਂ ਸਮੇਂ ਦੀ ਮੰਗ ਹੈ।

o

## ਘੋਲਾਂ 'ਚ ਅਜਿਹੀ ਸਥਿਤੀ ਸਮੇਂ ਕੀ ਕੀਤਾ ਜਾਵੇ ? / ਮੇਜਰ ਸਿੰਘ

[ਸੰਪਾਦਕੀ ਨੋਟ—ਅਸੀਂ ਮੇਜਰ ਸਿੰਘ ਵਲੋਂ ਭੇਜੀ ਹੋਈ ਇਕ ਚਿੱਠੀ ਛਾਪ ਰਹੇ ਹਾਂ। ਇਹ ਚਿੱਠੀ ਦੱਸਦੀ ਹੈ ਕਿ ਟਰੇਡ ਯੂਨੀਅਨਇਜ਼ਮ ਵਿਚ ਵੱਖ ਵੱਖ ਪਾਰਟੀਆਂ ਦੀਆਂ ਟਰੇਡ ਯੂਨੀਅਨਾਂ ਕਿਸ ਤਰ੍ਹਾਂ ਬਹੁਤੀ ਵਾਰੀ ਵਰਕਰਾਂ ਦੇ ਹਿੱਤਾਂ ਵਿਰੁਧ ਜਾ ਰਹੀਆਂ ਹਨ। ਇਸ ਤੋਂ ਪਹਿਲੇ ਮਈ ਅੰਕ ਵਿਚ ਮੁਲਾਜ਼ਮਾਂ ਦੀ ਹੜਤਾਲ ਬਾਰੇ ਅਸੀਂ ਇਕ ਲੇਖ ਛਾਪਿਆ ਸੀ। ਖੱਬੇ ਪਾਰਟੀਆਂ ਦੀ ਫੁੱਟ ਨੇ ਮਜ਼ਦੂਰ ਜਮਾਤ ਦਾ ਕਿਸ ਤਰ੍ਹਾਂ ਨੁਕਸਾਨ ਕੀਤਾ ਹੈ, ਇਹ ਸਪਸ਼ਟ ਮਿਸਾਲਾਂ ਹਨ। ਕੀ ਇਸ ਸਭ ਕੁਝ ਦੇ ਬਾਵਜੂਦ ਹਾਲੀ ਵੀ ਖੱਬੀਆਂ ਪਾਰਟੀਆਂ ਇਹ ਦਾਅਵਾ ਕਰ ਸਕਦੀਆਂ ਹਨ ਕਿ ਉਹ ਕਿਸੇ ਇਨਕਲਾਬ ਲਈ ਕੰਮ ਕਰ ਰਹੀਆਂ ਹਨ ? ਆਪਣੀ ਬੁਨਿਆਦੀ ਜਮਾਤ ਨੂੰ ਤੰਗ ਪਾਰਟੀ ਹਿਤਾਂ ਲਈ ਵੰਡ ਦੇਣਾ, ਅਤੇ ਫੇਰ ਇਨਕਲਾਬ ਦਾ ਦਾਅਵਾ ਕਰਨਾ, ਇਹ ਇਕ ਵੱਡਾ ਮਜ਼ਾਕ ਹੈ। ਹਰ ਇਕ ਕਮਿਊਨਿਸਟ ਦਾ ਫ਼ਰਜ਼ ਹੈ ਕਿ ਇਸ ਮਸਲੇ ਵਲ ਧਿਆਨ ਦੇਵੇ। —ਸੰਪਾਦਕ]

ਵਰਧਮਾਨ ਵਿਵਿੰਗ ਐਂਡ ਸਪਿਨਿੰਗ ਮਿੱਲ ਲੁਧਿਆਣਾ ਦੇ ਵਰਕਰ ਐਤਕਾਂ 'ਇੰਟਕ' ਦੀ ਅਗਵਾਈ ਵਿਚ ਹੜਤਾਲ 'ਤੇ ਹਨ। ਉਹਨਾਂ ਦੀ ਮੰਗ ਹੈ ਕਿ ਵਧ ਰਹੀ ਮਹਿੰਗਾਈ ਦੇ ਨਾਲ ਨਾਲ ਤਨਖ਼ਾਹਾਂ 'ਚ ਵੀ ਵਾਧਾ ਕੀਤਾ ਜਾਵੇ। ਇਸ ਮਿੱਲ ਦੇ ਵਰਕਰਾਂ ਦੀ ਬਹੁਤ ਵਡੀ ਗਿਣਤੀ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਮਜ਼ਦੂਰਾਂ ਦੀ ਹੈ (ਸਿਵਾਏ ਕੁੜੀਆਂ ਤੋਂ) ਜਿਹੜੇ ੬੦-੭੦ ਰੁਪੈ ਤੋਂ ਲੈ ਕੇ ੧੫੦-੨੦੦ ਰੁਪੈ ਤਨਖ਼ਾਹ ਲੈਂਦੇ ਹਨ। ਇਸ ਲੱਕ ਤੋੜਵੀਂ ਮਹਿੰਗਾਈ 'ਚ ਇੰਨੀ ਘੱਟ ਤਨਖ਼ਾਹ ਨਾਲ ਉਹ ਗੁਜ਼ਾਰਾ ਨਹੀਂ ਕਰ ਸਕਦੇ। ਮਾਲਕਾਂ ਦੇ ਗੁੰਡਿਆਂ ਤੇ ਸਰਕਾਰੀ ਮਸ਼ੀਨਰੀ (ਪੁਲਸ) ਨੇ ਉਹਨਾਂ ਦੀਆਂ ਮੰਗਾਂ ਦਾ ਜਵਾਬ ਗੋਲੀਆਂ ਨਾਲ ਦਿਤਾ। ਫ਼ਾਇਰਿੰਗ ਨਾਲ ਚਾਰ ਮਜ਼ਦੂਰ ਫੱਟੜ ਹੋ ਗਏ ਤੇ ਬਾਕੀਆਂ ਤੇ ਅੰਨ੍ਹਾ ਲਾਠੀਚਾਰਜ। ਪਰ ਕਾਮੇ ਘਬਰਾਉਂਦੇ ਨਹੀਂ ਉਹ ਆਪਣੇ ਫੱਟੜ ਸਾਥੀਆਂ ਨੂੰ ਛੱਡ ਕੇ ਭੱਜੇ ਨਹੀਂ, ਸਗੋਂ ਉਹਨਾਂ ਨੂੰ ਚੁਕ ਕੇ ਜਾਂ ਘੜੀਸ ਕੇ ਲੈ ਜਾਣਾ ਚਾਹੁੰਦੇ ਹਨ। ਉਹ ਜਾਣਦੇ ਹਨ ਕਿ ਜੇ ਫੱਟੜ ਸਾਥੀ ਮਾਲਕਾਂ ਹੱਥ ਆ ਗਏ ਤਾਂ ਉਹ ਜ਼ਿੰਦਾ ਨਹੀਂ ਰਹਿਣਗੇ। ਇਸ ਲਈ ਫੱਟੜ ਸਾਥੀਆਂ ਨੂੰ ਚੁੱਕ ਰਹੇ ਕਾਮਿਆਂ ਦੀ ਹਿਫ਼ਾਜ਼ਤ ਲਾਜ਼ਮੀ ਹੈ। ਹੋਰ ਵਰਕਰ ਉਹਨਾਂ ਦੀ ਰਾਖੀ ਲਈ ਪੁਲਸ ਤੇ ਪਥਰਾ ਕਰਦੇ ਹਨ। ਉਹ ਆਪਣੇ ਸਾਥੀਆਂ ਨੂੰ ਲੈ ਜਾਣ ਵਿਚ ਸਫਲ ਹੁੰਦੇ ਹਨ। ਪਰ 'ਇੰਟਕ' ਦੇ ਆਗੂ ਸਖ਼ਤ ਨਰਾਜ਼ ਹਨ ਕਿ ਉਹਨਾਂ 'ਬਾਪੂ' ਗਾਂਧੀ ਦੇ ਅਸੂਲਾਂ ਦੀ ਸਖ਼ਤ ਉਲੰਘਣਾ ਕੀਤੀ ਹੈ। 'ਲੱਖ ਪੁਲਸ ਤੇ ਗੁੰਡੇ ਤਸ਼ੱਦਦ ਕਰਨ ਪਰ ਅਸੀਂ ਹਿੰਸਾ ਦੇ ਕੋਲ ਦੀ ਨਹੀਂ ਲੰਘਣਾ' ਉਹ ਉਪਦੇਸ਼ ਦਿੰਦੇ ਹਨ। ਉਹ ਧਮਕੀ ਦਿੰਦੇ ਹਨ ਕਿ ਇਸ ਤਰ੍ਹਾਂ ਉਹ ਘੋਲ ਦੀ ਅਗਵਾਈ ਨਹੀਂ ਕਰਨਗੇ। ਵਰਕਰ ਨਿਰਾਸ਼ ਹਨ ਤੇ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰਨ ? ਕਿੱਥੇ ਜਾਣ ? ਪਿਛਲੇ ਦੋ ਸਾਲਾਂ 'ਚ ਉਹ ਇਕ ਇਕ ਦੋ ਦੋ ਵਾਰੀ ਸਾਰੀਆਂ ਯੂਨੀਅਨਾਂ ਬਦਲ ਚੁਕੇ ਹਨ। ਵਰਕਰਾਂ ਨੂੰ ਸਾਰੀਆਂ 'ਪਾਰਟੀ ਯੂਨੀਅਨਾਂ' ਤੇ ਇਤਰਾਜ਼ ਹੈ ਕਿ ਕੋਈ ਵੀ ਉਨ੍ਹਾਂ ਦੀ ਠੀਕ ਅਗਵਾਈ ਤੇ ਯੋਗ ਮਦਦ ਨਹੀਂ ਕਰ ਸਕਿਆ। ਉਨ੍ਹਾਂ ਦਾ ਇਹ ਇਤਰਾਜ਼ ਪੂਰੀ ਤਰ੍ਹਾਂ ਜਾਇਜ਼ ਹੈ। ਦੂਜੇ ਪਾਸੇ ਸਾਰੀਆਂ 'ਪਾਰਟੀ ਯੂਨੀਅਨਾਂ' ਇਤਰਾਜ਼ ਕਰਦੀਆਂ

ਹਨ ਕਿ ਵਰਧਮਾਨ ਦੇ ਵਰਕਰ ਉਨ੍ਹਾਂ ਨੂੰ ਆਪਣੇ ਹਿੱਤਾਂ ਲਈ ਹੀ ਵਰਤਦੇ ਹਨ। ਇਨ੍ਹਾਂ ਦਾ ਇਹ ਇਤਰਾਜ਼ ਵੀ ਪੂਰੀ ਤਰ੍ਹਾਂ ਜਾਇਜ਼ ਹੈ। ਇਹ ਸਮਝਣ ਦੀ ਲੋੜ ਬਾਕੀ ਹੈ ਕਿ ਇਹ ਸਾਰਾ ਝਮੇਲਾ ਕੀ ਹੈ ?

ਇਹ ਪੁਲਿਸ ਫਾਇਰਿੰਗ ੧੯੪੭ ਤੋਂ ਬਾਦ ਸਨਅਤੀ ਮਜ਼ਦੂਰਾਂ ਤੇ ਪੰਜਾਬ 'ਚ ਪਹਿਲੀ ਵਾਰ ਹੋਈ ਹੈ। ਇੱਡੀ ਵੱਡੀ ਘਟਨਾ — ਪਰ ਕੋਈ ਵਿਰੋਧ ਨਹੀਂ। ਇੰਟਕ ਤੋਂ ਬਿਨਾਂ ਸਾਰੀਆਂ ਟਰੇਡ ਯੂਨੀਅਨਾਂ ਚੁੱਪ ਹਨ। ਫੋਕੇ ਬਿਆਨਾਂ ਤੋਂ ਬਿਨਾਂ ਕੋਈ ਠੋਸ ਕਾਰਵਾਈ ਨਹੀਂ ਹੋ ਰਹੀ। ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਆਗੂ ਹੈਰਾਨ ਤੇ ਦੁਖੀ ਵੀ (ਯਾਦ ਰਹੇ ਇਹ ਯੂਨੀਅਨ ੧੫ ਜਨਵਰੀ ੧੯੭੨ ਨੂੰ ਕੁਝ ਢਲਾਈ ਤੇ ਸਟੀਲ ਵਰਕਰਾਂ ਦੇ ਉੱਦਮ ਨਾਲ ਹੋਂਦ 'ਚ ਆਈ ਸੀ। ਇਸਦੇ ਸਾਰੇ ਅਹੁਦੇਦਾਰ ਫੈਕਟਰੀਆਂ 'ਚ ਕੰਮ ਕਰਦੇ ਹਨ ਤੇ ਇਹ ਕਿਸੇ ਪਾਰਟੀ ਦੇ ਸੌੜੇ ਹਿਤਾਂ ਨਾਲ ਬੱਝੀ ਹੋਈ ਨਹੀਂ) ਉਹ ਇਹ ਜਾਨਣ ਲਈ ਕਿ ਯੂਨੀਅਨਾਂ ਚੁੱਪ ਕਿਉਂ ਹਨ ? ਅਤੇ ਠੋਸ ਕਾਰਵਾਈ ਵਾਸਤੇ ਸਾਰੀਆਂ ਯੂਨੀਅਨਾਂ ਦੇ ਸਾਂਝੇ ਐਕਸ਼ਨ ਲਈ ਦੂਜੀਆਂ ਯੂਨੀਅਨਾਂ ਨਾਲ ਵਿਚਾਰ ਵਟਾਂਦਰਾ ਕਰਦੇ ਹਨ। 'ਸੀਟੂ' ਦੇ ਆਗੂ ਕਹਿੰਦੇ ਹਨ ਕਿ ਜਿੰਨਾ ਚਿਰ ਸਾਂਝੀ ਐਕਸ਼ਨ ਕਮੇਟੀ ਨਹੀਂ ਬਣਦੀ ਮਦਦ ਕਿਵੇਂ ਹੋ ਸਕਦੀ ਹੈ ? ਉਹ ਫਾਇਰਿੰਗ ਦੇ ਖਿਲਾਫ ਠੋਸ ਕਦਮ, ਚੁੱਕ ਕੇ ਵਰਕਰਾਂ ਦੇ ਹੱਕ 'ਚ ਖੜ੍ਹਨ ਨਾਲੋਂ ਵਧ ਫਿਕਰ-ਮੰਦ ਇਸ ਗੱਲੋਂ ਹਨ ਕਿ ਕਿਤੇ ਇਸ ਦਾ ਨਾਮਣਾ 'ਇੰਟਕ' ਨਾ ਖੱਟ ਜਾਵੇ। ਉਹ ਸਾਨੂੰ ਉਦਾਹਰਣ ਦੇ ਕੇ ਪੁੱਛਦੇ ਹਨ ਕਿ ਤੁਸੀਂ 'ਨੈਸ਼ਨਲ ਟੇਪ' ਦੇ ਵਰਕਰਾਂ ਦੀ ਮਦਦ ਕੀਤੀ ਸੀ, ਕੀ ਲਾਭ ਹੋਇਆ ? (ਇਸ ਫੈਕਟਰੀ 'ਚ ਇੰਟਕ ਨੇ ਮਜ਼ਦੂਰਾਂ ਦਾ ਕਾਫੀ ਮੰਦਾ ਹਾਲ ਕਰ ਦਿਤਾ ਸੀ ਲੰਬੀ ਲੜਾਈ ਤੋਂ ਬਾਅਦ ਵੀਹ ਤੋਂ ਵਧ ਆਗੂ ਵਰਕਰਾਂ ਨੂੰ ਹਿਸਾਬ ਲੈਣਾ ਪਿਆ) ਉਹ ਸੋਚਦੇ ਹਨ ਕਿ 'ਇੰਟਕ' ਨੇ ਅੰਤ ਗਦਾਰੀ ਹੀ ਕਰਨੀ ਹੈ। 'ਮਜ਼ਦੂਰ ਦਲ' ਦਾ ਕਨਵੀਨਰ ਕਹਿੰਦਾ ਹੈ ਕਿ 'ਪਹਿਲਾਂ ਤਿਰੰਗਾ ਝੰਡਾ ਲਾਹ ਤੇ ਕਾਲਾ ਲਾਓ, ਅਸੀਂ ਹੜਤਾਲੀ ਕਾਮਿਆਂ ਲਈ ਲੰਗਰ ਦਿਆਂਗੇ' ਉਹ ਮਜ਼ਦੂਰਾਂ ਦੀ ਜਿੱਤ ਹਾਰ ਨਾਲੋਂ 'ਇੰਟਕ' ਨੂੰ ਹਰਾਉਣ ਬਾਰੇ ਵੱਧ ਸੋਚਦਾ ਹੈ। ਕੁਝ ਹੋਰ ਵੀ ਹਨ ਜੋ ਵਰਕਰਾਂ ਨੂੰ ਸਲਾਹ ਦਿੰਦੇ ਹਨ ਕਿ 'ਪਹਿਲਾਂ ਇੰਟਕ ਦੇ ਆਗੂਆਂ ਨੂੰ ਰਗੜਾ ਚਾੜ੍ਹੋ' ਗੱਲ ਫੇਰ ਬਣੇਗੀ। ਪਰ ਸਭ ਤੋਂ ਵਧ ਦਿਲਚਸਪ ਮਸਲਾ 'ਇੰਟਕ' ਦਾ ਹੈ। ਇੰਟਕ ਦੇ ਆਗੂ ਆਖਦੇ ਹਨ ਕਿ 'ਵਰਕਰਾਂ ਦੀ ਲੜਾਈ ਮਾਲਕਾਂ ਨਾਲ ਨਹੀਂ ਸਗੋਂ ਸਾਡੇ ਨਾਲ ਹੈ, ਸਾਡੀ ਯੂਨੀਅਨ ਇੰਟਕ ਨਾਲ ਹੈ' ਉਹ ਗਿਲਾ ਕਰਦੇ ਹਨ ਕਿ 'ਵਰਕਰਾਂ ਦੀ ਕੋਈ ਮੰਗ ਹੀ ਨਹੀਂ, ਪਰ ਕੁਝ ਕਾਂਗਸੀ 'ਇੰਟਕ' ਦੀ ਯੂਨੀਅਨ ਕੁਚਲ ਕੇ ਤਿਰੰਗਾ ਝੰਡਾ ਲਹਿਰਾਉਣਾ ਚਾਹੁੰਦੇ ਹਨ'। ਉਹ ਦਸਦੇ ਹਨ ਕਿ 'ਇੰਟਕ ਨੇ ਇੰਨਾਂ ਵਰਕਰਾਂ ਨੂੰ ਕੁਝ ਮਹੀਨੇ ਪਹਿਲਾਂ ੨੫ ਪ੍ਰਤੀਸ਼ਤ ਬੋਨਸ ਦਿਵਾਇਆ ਸੀ' ਏਨਾ ਬੋਨਸ ਹੋਰ ਕਿਸੇ ਫੈਕਟਰੀ 'ਚ ਸ਼ਾਇਦ ਹੀ ਹੋਵੇ। 'ਮੋਲਡਰ ਯੂਨੀਅਨ' ਦੇ ਆਗੂ ਇਸ ਬਾਰੇ ਵਰਕਰਾਂ ਨੂੰ ਮਿਲਦੇ ਹਨ। ਵਰਧਮਾਨ ਦੇ ਕਾਮੇ ਚਿੜ ਕੇ ਪੁੱਛਦੇ ਹਨ— ਬੋਨਸ ਕਦੋਂ ਮਿਲੂ ? (ਇਹ ਬੋਨਸ ੨੫ ਪ੍ਰਤੀਸ਼ਤ ਦੀ ਥਾਂ ੨੦ ਪ੍ਰਤੀਸ਼ਤ ਮਿਲਿਆ ਹੈ) ਕੀ ਅੱਜ ਦਾ ਭੁੱਖਾ ਸਾਲ ਭਰ ਜੀ ਸਕਦਾ ਹੈ ? ਕੀ ਇੰਨੀਆਂ ਘਟ ਤਨਖਾਹਾਂ ਦੇ ਖਿਲਾਫ ਕਾਮੇ ਨ ਲੜਨ ? ਕੀ ਫੈਕਟਰੀ 'ਚ ਹੁੰਦੀ ਰੋਜ਼ਾਨਾ ਗੁੰਡਾ ਗਰਦੀ ਉਹ ਚੁੱਪ ਕਰਕੇ ਝੱਲੀ ਜਾਣ ? (ਉਹ ਦਸਦੇ ਹਨ ਕਿ ਫੈਕਟਰੀ ਦੇ ਅੰਦਰ ਮਾਲਕਾਂ ਨੇ ਗੁੰਡਿਆਂ ਦੀ ਬਾਕਾਇਦਾ ਪਲਟਣ ਰੱਖੀ ਹੋਈ ਹੈ) ਉਹ ਮੰਨਦੇ ਹਨ ਕਿ ਉਹਨਾਂ ਦੀ ਲੜਾਈ ਮਾਲਕਾਂ ਦੇ ਨਾਲ 'ਇੰਟਕ' ਨਾਲ ਵੀ ਹੈ। ਕਿਉਂਕਿ 'ਇੰਟਕ' ਦੇ ਆਗੂਆਂ ਨੇ 'ਵਰਧਮਾਨ' ਦੇ ਮਾਲਕਾਂ ਨਾਲ ਇਕ ਸਮਝੌਤਾ ਕੀਤਾ ਹੈ ਕਿ ਅਗਲੇ ਪੰਜ ਸਾਲਾਂ 'ਚ ਜੇ ਕੋਈ ਹੋਰ ਯੂਨੀਅਨ ਇਸ ਫੈਕਟਰੀ 'ਚ ਘੋਲ ਲੜੂ ਤਾਂ ਇੰਟਕ ਮੈਨੇਜਮੈਂਟ ਨਾਲ ਰਲਕੇ ਉਸਦਾ ਵਿਰੋਧ ਕਰੂ। ਉਹ ਸਵਾਲ ਕਰਦੇ ਹਨ ਕਿ ਕੀ ਅਸੀਂ ਇਸ ਕਰਕੇ ਨਾ ਮਾਲਕਾਂ ਨਾਲ ਲੜੀਏ ਕਿ 'ਇੰਟਕ' ਇਸਦਾ ਵਿਰੋਧ ਕਰੂ? ਤੇ ਇਹ ਲੜਾਈ ਉਸ ਦੇ ਖਿਲਾਫ ਬਣ ਜਾਵੇਗੀ। ਵਰਧਮਾਨ ਦੇ ਮਜ਼ਦੂਰਾਂ ਦੇ ਚਾਹੁੰਣ ਤੇ, ਜ਼ੋਰ ਲਾਉਣ ਤੋਂ ਬਾਅਦ ਵੀ 'ਇੰਟਕ' ਦੇ ਆਗੂ ਦੂਜੀਆਂ ਯੂਨੀਅਨਾਂ ਨੂੰ ਘੋਲ ਲਈ ਸੱਦਾ ਨਹੀਂ ਦੇ ਰਹੇ। ਉਹ ਫਿਕਰ ਕਰਦੇ ਹਨ ਕਿ ਇਸ ਤਰ੍ਹਾਂ ਉਹਨਾਂ ਦਾ ਬਿਸਤਰਾ ਗੋਲ ਹੋ ਜਾਵੇਗਾ। ਉਹ ਦਲੀਲ ਦਿੰਦੇ ਹਨ ਕਿ 'ਸੱਦੇ ਦੀ ਕੀ ਲੋੜ ਹੈ ਜਿਸ ਨੇ ਮਦਦ ਕਰਨੀ ਹੈ ਆ ਜਾਵੇ'। 'ਮੋਲਡਰ ਯੂਨੀਅਨ' ਦੇ ਆਗੂ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਮਜ਼ਦੂਰਾਂ ਦਾ ਬਚਾਅ ਹੋ ਜਾਵੇ। ਇਸ ਹਾਰ ਤੋਂ ਬਚਣ ਲਈ ਸਾਂਝਾ ਐਕਸ਼ਨ ਲਾਜ਼ਮੀ ਹੈ। ਉਹ 'ਇੰਟਕ' ਦੇ ਆਗੂਆਂ ਨੂੰ ਮਿਲਦੇ ਹਨ ਕਿ ਉਹ ਦੂਜੀਆਂ ਯੂਨੀਅਨਾਂ ਨੂੰ ਘੋਲ 'ਚ ਸ਼ਾਮਲ ਹੋਣ ਲਈ ਸੱਦਾ ਦੇਣ। ਪਰ ਇੱਡੀ ਵੱਡੀ ਪਾਰਟੀ ਦੇ ਆਗੂ ਜਿਸ ਦੇ ਹੱਥ 'ਚ ਰਾਜ ਭਾਗ ਹੋਵੇ ਇੱਡੀ ਨਿੱਕੀ

ਯੂਨੀਅਨ ਦੀ ਗੱਲ ਕਦ ਸੁਣਦੇ ਹਨ। (ਉਹ ਤਾਂ ਸ਼ਾਇਦ ਇਸ ਨੂੰ ਯੂਨੀਅਨ ਹੀ ਨਾ ਮੰਨਦੇ ਹੋਣ) 'ਮੋਲਡਰ ਯੂਨੀਅਨ' ਦੇ ਆਗੂਆਂ ਨੂੰ ਸਾਂਝੇ ਐਕਸ਼ਨ ਦੀ ਉਮੀਦ ਕੋਈ ਨਹੀਂ ਦਿਸਦੀ। ਉਹ ਦੁਖੀ ਹਨ ਕਿ ਵੱਖ ਵੱਖ ਵਿਚਾਰਾਂ ਰਖਦੇ ਹੋਏ ਵੀ ਮਜ਼ਦੂਰ ਤੇ ਹੋਏ ਤਸ਼ੱਦਦ ਦਾ ਵਿਰੋਧ ਤੇ ਜੂਝ ਰਹੇ ਕਾਮਿਆਂ ਦੀ ਹਮਾਇਤ ਕਿਉਂ ਨਹੀਂ ਹੁੰਦੀ? ਕੀ ਇਹ ਕੱਲ ਨੂੰ (ਹੋਰ ਵਿਚਾਰ ਰੱਖਣ ਵਾਲਿਆਂ) ਦੂਜੇ ਕਾਮਿਆਂ ਤੇ ਨਹੀਂ ਹੋਵੇਗੀ? ਕੀ ਇਸ ਨੂੰ ਇਉਂ ਝੱਲ ਲੈਣਾ ਸਰਕਾਰ ਤੇ ਸਰਮਾਏਦਾਰਾਂ ਨੂੰ ਤਸ਼ੱਦਦ ਕਰਨ ਲਈ ਸ਼ਹਿ ਦੇਣਾ ਨਹੀਂ? ਉਹ ਸੋਚਦੇ ਹਨ ਕਿ ਮਜ਼ਦੂਰਾਂ ਦੇ ਕਾਫ਼ਲੇ ਆਪ ਮੁਹਾਰੇ ਆਪਣੀ ਅਣਖੀ ਜ਼ਿੰਦਗੀ ਜਿਉਣ ਲਈ ਖੁਦ ਸੜਕਾਂ ਤੇ ਕਿਉਂ ਨਹੀਂ ਨਿਕਲਦੇ ਆਪਣੀ ਅਗਵਾਈ ਖੁਦ ਕਰਨ ਲਈ? ਉਹ ਕਿਉਂ ਮੌਕਾ ਪ੍ਰਸਤ ਸਿਆਸੀ ਲੀਡਰਾਂ ਦੀ ਤੰਗ-ਨਜ਼ਰੀ ਦਾ ਸ਼ਿਕਾਰ ਹੋ ਰਹੇ ਹਨ? ਪਰ ਇਹ ਗੱਲ ਉਹਨਾਂ ਨੂੰ ਦੱਸੇ ਕੌਣ? ... ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ ਦੀ ਅਗਵਾਈ 'ਚ ਐਰੋ ਇੰਜਨੀਅਰਿੰਗ ਵਰਕਸ ਦੇ ਕਾਮੇ ਸੜਕਾਂ ਤੇ ਨਿਕਲ ਕੇ ਰੋਸ ਮੁਜ਼ਾਹਰਾ ਜਥੇਬੰਦ ਕਰਦੇ ਹਨ। ਫੇਰ ਇਸ ਮੁਜ਼ਾਹਰੇ ਦੇ ਪਰਭਾਵ ਹੇਠ 'ਟਰੂ ਲਾਈਨ ਫੈਕਟਰੀ' ਦੇ ਵਰਕਰ ਵੀ, ਜਿਨ੍ਹਾਂ ਮੂਹਰੇ 'ਭਾਰਤੀਆ ਮਜ਼ਦੂਰ ਸੰਘ' ਦੇ ਦੋ ਕੁ ਕਰਿੰਦੇ ਲਗ ਜਾਂਦੇ ਹਨ। ਉਹ ਇਹ ਪ੍ਰਭਾਵ ਪਾਉਣਾ ਚਾਹੁੰਦੇ ਹਨ ਕਿ ਮੁਜ਼ਾਹਰਾ ਉਨ੍ਹਾਂ ਕੀਤਾ ਹੈ, ਉਹ ਇਸ ਗੱਲ 'ਚ ਕਾਮਯਾਬ ਹੋ ਗਏ ਹਨ।

'ਇੰਟਕ' ਦਾ ਇਕ ਗਰੁੱਪ ਹੋਰ ਵੀ ਹੈ (ਭਾਵੇਂ ਦੋਵੇਂ ਗਰੁਪ ਆਪਸ 'ਚ ਇਕ ਦੂਜੇ ਨੂੰ ਇੰਟਕ ਨਹੀਂ ਮੰਨਦੇ) ਉਹ ਮਾਲਕਾਂ ਦੇ ਪੱਖ 'ਚ ਖੜ ਕੇ ਏਸ ਗਰੁੱਪ ਨੂੰ ਭਜਾਉਣਾ ਚਾਹੁੰਦਾ ਹੈ। ਆਪਣੇ ਪੱਖ 'ਚ ਵਜ਼ੀਰਾਂ ਦੀ ਭੰਨ ਤੋੜ/ਕਰਨ ਮਗਰੋਂ ਲਾਲੇ ਆਕੜ ਗਏ ਹਨ। ਐਸ. ਐਸ. ਪੀ. ਲੁਧਿਆਣਾ ਦੇ ਦਖ਼ਲ ਦਾ ਵੀ ਕੋਈ ਨਤੀਜਾ ਨਹੀਂ ਨਿਕਲਿਆ। ਮਾਲਕਾਂ ਦੇ ਸਿੰਗਾਂ ਤੇ ਕੇਂਦਰ ਸਰਕਾਰ ਖੜੀ ਹੈ। ਇਸ ਦੇ ਹਿਲਣ ਨਾਲ ਉਧਰ ਭੁਚਾਲ ਦਾ ਖਤਰਾ ਹੈ। ਗੱਲ ਅੜ ਗਈ ਹੈ। ਮਾਲਕ ਕੁਝ ਵੀ ਮੰਨਣ ਲਈ ਤਿਆਰ ਨਹੀਂ। ਹੜਤਾਲ ਲੰਮੀ ਹੋ ਗਈ ਹੈ। ਭਈਏ ਕਾਮਿਆਂ ਕੋਲ ਮਾਲਕ ਮਕਾਨਾਂ ਨੂੰ ਦੇਣ ਲਈ ਕਿਰਾਇਆ ਨਹੀਂ, ਪੀਪੇ ਖਾਲੀ ਹਨ, ਉਧਾਰ ਬੰਦ ਹੈ, ਉਹ ਨਿਰਾਸ਼ ਹਨ ਤੇ ਉਹਨਾਂ ਦੇ ਢੋਲਕੀਆਂ ਤਬਲਿਆਂ ਤੋਂ ਵੀ ਉਹਨਾਂ ਦੀ ਇਹ ਹਾਲਤ ਸਹਾਰੀ ਨਹੀਂ ਜਾਂਦੀ। ਉਨ੍ਹਾਂ ਦੀ ਅਵਾਜ਼ ਮੱਧਮ ਪੈ ਰਹੀ ਹੈ। ਉਹ ਰੋਟੀ ਮੰਗਦੇ ਹਨ, ਰੋਟੀ ਤੋਂ ਬਿਨਾਂ ਉਹ ਰੋਟੀ ਲਈ ਲੜ ਨਹੀਂ ਸਕਦੇ। 'ਇੰਟਕ' ਦੇ ਆਗੂਆਂ ਦਾ 'ਛੇਤੀ ਗਲ ਬਾਤ ਸਫਲ ਹੋ ਜਾਣ' ਦਾ ਲਾਰਾ ਉਨ੍ਹਾਂ ਨੂੰ ਧਰਵਾਸ ਨਹੀਂ ਦਿੰਦਾ। ਉਹ ਸ਼ੱਕ ਕਰਦੇ ਹਨ ਕਿ ਆਗੂ ਕੋਈ ਸੌਦਾ ਕਰਨਗੇ। ਉਹ ਫੇਰ ਅਗੇ ਪਿਛੇ (ਹੋਰਨਾਂ ਯੂਨੀਅਨਾਂ ਕੋਲ) ਹੱਥ ਪੈਰ ਮਾਰਦੇ ਹਨ। ਇੰਟਕ ਦੇ ਆਗੂ ਏਸ ਡਰੋਂ ਲੰਗਰ ਚਾਲੂ ਕਰਦੇ ਹਨ। ਉਹ ਆਪਣੇ ਪ੍ਰਭਾਵ ਹੇਠਲੀਆਂ ਫੈਕਟਰੀਆਂ 'ਚੋਂ ਵੀ ਕਾਮਾ ਕਿੱਲੋ ਆਟਾ ਲਾਉਂਦੇ ਹਨ ਤੇ ਉਨ੍ਹਾਂ ਸਾਰੀਆਂ ਯੂਨੀਅਨਾਂ ਤੇ ਹੋਰਨਾਂ ਸਾਰੀਆਂ ਥਾਵਾਂ ਤੇ ਉਹ ਜਾਂਦੇ ਹਨ ਜੋ ਮਦਦ ਦੇਣ ਪਰ ਕੋਈ ਨੁਕਤਾਚੀਨੀ ਨਾ ਕਰਨ ... ਅਜਿਹੀਆਂ ਹਾਲਤਾਂ 'ਚ ਖੜੀ ਹੈ ਵਰਧਮਾਨ ਦੇ ਬਹਾਦਰ ਕਾਮਿਆਂ ਦੀ ਜੱਦੋ-ਜਹਿਦ। ਕੌਣ ਜਾਣੇ ਇਸ ਦਾ ਕੀ ਨਤੀਜਾ ਨਿਕਲਦਾ ਹੈ। ਇਸ ਦਾ ਨਤੀਜਾ ਨਿਕਲ ਵੀ ਕੀ ਸਕਦਾ ਹੈ? ਅਜਿਹੀਆਂ ਹਾਲਤਾਂ 'ਚ ਵਰਧਮਾਨ ਤੇ ਉਹਨਾਂ ਵਰਗੇ ਹੋਰ ਮਜ਼ਦੂਰ ਕੀ ਕਰਨ? ਕੀ ਵੱਖ ਵੱਖ ਵਿਚਾਰ ਰੱਖਦੇ ਹੋਏ ਘੋਲਾਂ ਦੇ ਅਮਲ ਦੀ ਏਕਤਾ ਨਹੀਂ ਹੋ ਸਕਦੀ? ਹੋ ਸਕਦੀ ਹੈ ਤਾਂ ਕਿਵੇਂ? ਇਹ ਹਨ ਉਹ ਸਵਾਲ ਜਿਨ੍ਹਾਂ ਨੂੰ ਹੱਲ ਕਰਨ ਲਈ ਮੈਂ ਸਿਆਣੇ ਮਜ਼ਦੂਰ ਤੇ ਮੁਲਾਜ਼ਮ ਆਗੂਆਂ, ਸੋਸ਼ਲ ਤੇ ਸਿਆਸੀ ਲੀਡਰਾਂ ਤੇ ਉਨ੍ਹਾਂ ਸਾਰੇ ਲੋਕਾਂ ਸਾਹਮਣੇ ਰੱਖਦਾ ਹਾਂ ਜੋ ਇਸ ਬਾਰੇ ਜਾਣਕਾਰੀ ਰਖਦੇ ਹਨ।

o

**ਭੁਲੇਖੇ** / ਪ੍ਰਮਾਤਮਾ ਪਾਰਸ

ਤਕਰੀਬਨ ਸਾਲ ਕੁ ਤੋਂ ਹਾਕਮ ਸਰਕਾਰ ਵਲੋਂ ਪਿੰਡਾਂ ਵਿਚ ਵਿਆਹ ਸ਼ਾਦੀਆਂ ਤੇ ਖਰਚ ਘਟਾਉਣ ਬਾਬਤ ਰੌਲਾ ਰੱਪਾ ਪਾਇਆ ਜਾ ਰਿਹਾ ਏ। ਖਾਸ ਕਰਕੇ ਇਹ ਕੰਮ ਪਿੰਡਾਂ ਦੀਆਂ ਪੰਚਾਇਤਾਂ ਅੱਗੇ ਲਗ ਕੇ ਕਰ ਰਹੀਆਂ ਹਨ। ਕਈ ਥਾਵਾਂ ਤੇ ਨੌਜਵਾਨ ਸਭਾਵਾਂ ਵੀ ਹਿੱਸਾ ਪਾ ਰਹੀਆਂ ਹਨ। ਜਿਵੇਂ ਕਿ ਵਿਆਹ ਸਮੇਂ ਜੰਞ ਦੀ ਗਿਣਤੀ ਘੱਟ ਕਰਨੀ। ਜਾਂ ਹੋਰ ਸੌ ਦਿਨਾਂ ਤਿਉਹਾਰਾਂ ਤੇ "ਖਰਚ ਦਾ ਘੱਟ ਕਰਨਾ", ਰਾਗ ਅਲਾਪਿਆ ਜਾ ਰਿਹਾ ਏ। "ਬਿਜਲੀ ਘੱਟ ਏ, ਬਿਜਲੀ ਘੱਟ ਏ" ਦਾ ਰੌਲਾ ਪਾਇਆ ਜਾ ਰਿਹਾ ਏ। ਪਰ ਜਦੋਂ ਕਿਸੇ ਵਜ਼ੀਰ ਜਾਂ "ਸਰਦਾਰ" ਦੀ ਲੜਕੀ ਜਾਂ ਲੜਕੇ ਦੀ ਸ਼ਾਦੀ ਹੋਵੇ ਤਾਂ ਸੌ ਸੌ ਟਿਊਬਾਂ ਹੀ ਜਗਦੀਆਂ ਨਜ਼ਰ ਨਹੀਂ ਆਉਣਗੀਆਂ, ਨਾਲ ਹੋਰ ਵੀ ਛੱਤੀ ਕੁ ਸੌ

ਪੰਗੇ, ਜਿਵੇਂ ਟਿਮਟਿਮਾਉਂਦੇ ਬਲਬ ਤੇ ਹੋਰ ਦੂਜਰੇ ਬਲਬ ਵੀ ਨਜ਼ਰ ਆਉਣਗੇ। ਭਾਵੇਂ ਲਾਗੇ ਕਿਸੇ ਜੱਟ ਦਾ ਝੋਨਾ ਕਿਉਂ ਨਾ ਬਿਜਲੀ ਬਾਝੋਂ ਸੁਕ ਰਿਹਾ ਹੋਵੇ। ਇਵੇਂ ਹੀ ਵਿਆਹ ਤੇ ਹਜ਼ਾਰਾਂ ਟੀਨ ਘਿਉ (ਜੋ ਸਾਨੂੰ ਪਿੰਡਾਂ ਵਿਚ ਬੰਦ ਹੈ, ਬੰਦ ਹੈ (ਦੱਸਦੇ ਹਨ) ਖੰਡ ਦੀਆਂ ਕਈ ਬੋਰੀਆਂ ਤੇ ਹੋਰ ਕਈ ਫਜ਼ੂਲ ਖਰਚ ਲੱਖਾਂ ਦੀ ਤਦਾਦ ਵਿਚ ਹੁੰਦੇ ਹਨ।

ਜ਼ੋਝਾ ਘਟਾਉਣ ਦਾ ਜਾਂ ਖਰਚ ਘਟਾਉਣ ਦਾ ਰੌਲਾ ਪਾਇਆ ਜਾ ਰਿਹਾ ਏ ਕਿ "ਮਹਿੰਗਾਈ ਏ"। ਸਾਨੂੰ ਇਹ ਸੋਚਣਾ ਚਾਹੀਦਾ ਏ ਕਿ ਇਸ ਮਹਿੰਗਾਈ ਤੋਂ ਤੰਗ ਆ ਕੇ, ਆਪਣੇ ਸਾਕ ਅੰਗ, ਭੈਣ ਭਰਾ, ਬਰਾਦਰੀ, ਭਾਈਚਾਰਾ ਛੱਡੀ ਜਾਈਏ। ਜੇਕਰ ਇਵੇਂ ਕਰੀਏ ਤਾਂ ਜ਼ਰੂਰ ਹੀ ਇਕ ਦਿਨ ਇਹੋ ਜਿਹਾ ਹੋਊਗਾ, ਜਦ ਇਹ ਰਾਗ ਅਲਾਪਣਾ ਸ਼ੁਰੂ ਕਰਨਗੇ, "ਰੋਟੀ ਇਕ ਡੰਗ ਖਾਉ, ਰੋਟੀ ਇਕ ਡੰਗ ਖਾਉ"। ਹੁਣ ਸਾਡੇ ਸਾਹਮਣੇ ਇਹ ਸਵਾਲ ਏ ਕਿ ਸਾਨੂੰ ਮਹਿੰਗ ਨਾਲ ਟੱਕਰ ਲੈਣੀ ਚਾਹੀਦੀ ਏ ਜਾਂ ਸਹਿਜੇ ਸਹਿਜੇ ਰੋਟੀ ਪਾਣੀ ਖਾਣਾ ਤਿਆਗਣਾ ਚਾਹੀਦਾ ਏ। ਮੇਰਾ ਤਾਂ ਖਿਆਲ ਏ ਕਿ ਮਹਿੰਗ ਕਰਨ ਵਾਲੀ ਸਰਮਾਏਦਾਰੀ, ਜੋ ਸਾਰਿਆਂ ਦੁਖਾਂ ਦੀ ਜੜ੍ਹ ਏ, ਉਹਦਾ ਬੀ ਨਾਸ ਕਰਨਾ ਚਾਹੀਦਾ ਏ।

ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਆਈਆਂ। (ਮੈਂ ਇਹ ਦਾਹਵੇ ਨਾਲ ਨਹੀਂ ਕਹਿੰਦਾ ਕਿ ਅਸਥੀਆਂ ਉਸ ਸ਼ਹੀਦ ਦੀਆਂ ਨੇ, ਜਾਂ ਪਖੰਡ ਕਰਕੇ ਉਸ ਦਾ ਨਾਂ ਖਰੀਦਿਆ ਗਿਆ ਹੈ) ਚਿੱਟੇ ਖੱਦਰ ਨੇ ਅੱਡੀਆਂ ਭਾਰ ਹੋ ਹੋ ਕੇ ਰੌਲਾ ਪਾਇਆ। ਸਾਰੇ ਪੰਜਾਬ ਵਿਚ ਅਸਥੀਆਂ ਕਾਰਾਂ ਤੇ ਲਈ ਫਿਰਦੇ ਰਹੇ। ਜਾਣਦੇ ਹੋ, ਚਿੱਟਾ ਖੱਦਰ ਪਾ ਕੇ ਅਸਥੀਆਂ ਨੂੰ ਕਾਰਾਂ ਤੇ ਚੜ੍ਹਾ ਕੇ ਲਈ ਫਿਰਨ ਵਾਲੇ ਕੌਣ ਹਨ? "ਲੋਕ ਸ਼ਹੀਦਾਂ ਦੇ ਕਾਤਲ", ਸ਼ਹੀਦ ਭਗਤ ਸਿੰਘ ਦੇ ਕਾਤਲ ਅਤੇ ਹੋਰ ਕਈ ਸ਼ਹੀਦਾਂ ਦੇ। ਉਸ ਸਮੇਂ ਇਹ ਲੋਕ ਅੰਗਰੇਜ਼ ਦੇ ਝੋਲੀਚੁਕ ਨੰਬਰ ਇਕ, ਗੱਦਾਰ ਤੇ ਜੁੱਤੀ-ਚੱਟ ਸਨ। ਉਸ ਸਮੇਂ ਲੋਕਾਂ ਦੇ ਵਾਰਸ (ਇਹੋ ਸ਼ਹੀਦ) ਜੇਲ੍ਹਾਂ ਵਿਚ ਰੁਲਦੇ ਸਨ ਤੇ ਇਹ ਲੋਕ ਅੰਗਰੇਜ਼ ਦੀਆਂ ਕਾਰਾਂ ਤੇ ਚੜ੍ਹੇ ਫਿਰਦੇ ਸਨ। ਇਹਨਾਂ ਲੋਕਾਂ ਨੇ ਗਵਾਹੀਆਂ ਦੇ ਦੇ ਕੇ ਸ਼ਹੀਦ ਕਤਲ ਕਰਵਾਏ। ਤੇ ਹੁਣ......ਕਿੱਡੀ ਸ਼ਰਮ ਦੀ ਗੱਲ ਏ ਕਿ ਇਹੋ ਲੋਕ ਕਾਰਾਂ ਤੇ ਅਸਥੀਆਂ ਲਈ ਫਿਰਨ। ਹੱਕ ਇਹ ਬਣਦਾ ਸੀ ਕਿ ਅਸਥੀਆਂ (ਜੇਕਰ ਸ਼ਹੀਦ ਊਧਮ ਸਿੰਘ ਦੀਆਂ ਸਨ ਤਾਂ.....) ਅੱਜ ਦਿਆਂ ਊਧਮ ਸਿੰਘਾਂ ਨੂੰ (ਕਿਉਂਕਿ ਅਜੇ ਪਿਛੇ ਜਿਹੇ ਕਾਲੇ ਡਾਇਰ ਨੇ ਮੋਗੇ ਤੇ ਜਗਰਾਵੀਂ ਦਰਸ਼ਨ ਦਿਤੇ ਹਨ) ਦਿਤੀਆਂ ਜਾਂਦੀਆਂ, ਜੋ ਮੋਢਿਆਂ ਤੇ ਚੁਕ ਕੇ ਪੈਦਲ ਚਲ ਕੇ ਸ਼ਹੀਦਾਂ ਦੇ ਵਾਰਸਾਂ ਕੋਲ ਜਾਂਦੇ ਤੇ ਅੱਜ ਦੇ ਜਨਰਲ ਡਾਇਰਾਂ ਦਾ ਪਰਦਾ ਫਾਸ਼ ਫਾਸ਼ ਕਰਦੇ।

o

**ਬਿਹਾਰ** (ਸੀ.ਪੀ.ਆਈ. ਨੈਸ਼ਨਲ ਕੌਂਸਲ ਦੇ ਰੇਜ਼ੂਲੇਸ਼ਨ ਵਿਚੋਂ)

ਸੱਜੇ ਪਿਛਾਖੜ ਦੀ ਦੇਸ਼ ਦੀ ਸੈਕੂਲਰ ਡੈਮੋਕਰੇਸੀ ਨੂੰ ਢਾਹੁਣ ਦੀ ਸਾਜ਼ਸ਼ ਸੱਜੀਆਂ ਪਿਛਾਂਹ-ਖਿਚੂ ਪਾਰਟੀਆਂ, ਇਲਾਕਾਈ ਸ਼ਾਵਨਿਸਟ ਪਾਰਟੀਆਂ, ਕਾਂਗਰਸ ਵਿਚ ਬੈਠੇ ਪਿਛਾਂਹ-ਖਿੱਚੂ ਅਨਸਰਾਂ ਨੇ ਦੇਸ਼ ਵਿਚ ਮਹਿੰਗਾਈ, ਭ੍ਰਿਸ਼ਟਾਚਾਰ ਆਦਿਕ ਦੇ ਵਿਰੁਧ ਅੰਦੋਲਨ ਦੀ ਆੜ ਲੈ ਕੇ ਦੇਸ਼ ਦੀ ਸੈਕੂਲਰ ਡੈਮੋਕਰੇਸੀ ਨੂੰ ਖਤਮ ਕਰਨ ਲਈ ਇਕ ਵੱਡਾ ਹਮਲਾ ਕੀਤਾ ਹੈ, ਜਿਸ ਦੀ ਅਗਵਾਈ ਬਿਹਾਰ ਵਿਚ ਜੈ ਪ੍ਰਕਾਸ਼ ਨਰਾਇਣ ਕਰ ਰਿਹਾ ਹੈ।

ਇਹ ਤਾਕਤਾਂ ਮੱਕਾਰੀ ਨਾਲ ਮਹਿੰਗਾਈ, ਭ੍ਰਿਸ਼ਟਾਚਾਰ, ਜ਼ਖੀਰਾਖੋਰੀ, ਬੇਰੁਜ਼ਗਾਰੀ ਵਿਰੁਧ ਨਾਅਰਾ ਚੁਕਦੀਆਂ ਹਨ। ਇਹ ਅਸਲ ਵਿਚ ਕਿਸੇ ਐਸੇ ਕਦਮ ਦੇ ਹੱਕ ਵਿਚ ਨਹੀਂ, ਜਿਹੜਾ ਇਜਾਰੇਦਾਰਾਂ, ਜਗੀਰਦਾਰਾਂ ਅਤੇ ਬਲੈਕਮਾਰਕੀਟੀਆਂ ਦੇ ਵਿਰੁਧ ਜਾਂਦਾ ਹੋਵੇ — ਇਸ ਵਿਚ ਸ਼ੱਕ ਨਹੀਂ ਕਿ ਇਸ ਤਹਿਰੀਕ ਨੇ ਵਿਦਿਆਰਥੀਆਂ ਅਤੇ ਦਰਮਿਆਨੇ ਤਬਕੇ ਦੇ ਕੁਝ ਲੋਕਾਂ ਨੂੰ ਗੁਮਰਾਹ ਕਰਨ ਵਿਚ ਸਫਲਤਾ ਪ੍ਰਾਪਤ ਕਰ ਲਈ ਹੈ, ਪਰ ਇਸ ਤਹਿਰੀਕ ਦਾ ਪਿਛਾਂਹ-ਖਿੱਚੂ ਚਿਹਰਾ ਮੋਹਰਾ ਇਸ ਗੱਲ ਤੋਂ ਹੀ ਸਾਫ਼ ਹੋ ਜਾਂਦਾ ਹੈ ਕਿ ਆਰ. ਐਸ. ਐਸ., ਅਨੰਦ ਮਾਰਗੀਏ, ਸ਼ਿਵ ਸੈਨਾ ਆਦਿਕ ਫਾਸ਼ੀ ਜਥੇਬੰਦੀਆਂ ਇਸ ਦੀ ਪਿੱਠ ਉਤੇ ਹਨ।

ਜੇਕਰ ਇਹ ਸੱਜੀ ਪਿਛਾਂਹ-ਖਿੱਚੂ ਖੇਡ ਕਾਮਯਾਬ ਹੋ ਗਈ ਤਾਂ ਦੇਸ਼ ਵਿਚ ਐਸੀਆਂ ਤਾਕਤਾਂ ਦੀ ਹਕੂਮਤ ਆ ਜਾਏਗੀ, ਜਿਨ੍ਹਾਂ ਦਾ ਪਹਿਲਾਂ ਕਦਮ ਦੇਸ਼ ਵਿਚ ਸੈਕੂਲਰ ਜਮਹੂਰੀਅਤ ਦਾ ਖਾਤਮਾ ਹੋਵੇਗਾ।

ਇਹਨਾਂ ਪਿਛਾਂਹ-ਖਿੱਚੂ ਤਾਕਤਾਂ ਨੇ ਆਪਣੀ ਖੇਡ ਵੱਡੇ ਪੈਮਾਨੇ ਤੇ ਬਿਹਾਰ ਵਿਚ ਸ਼ੁਰੂ ਕੀਤੀ ਹੈ, ਸਾਡੇ ਬਿਹਾਰ ਯੂਨਿਟ ਦੇ ਸਿਰ ਤੇ ਸਿਹਰਾ ਹੈ ਕਿ ਉਹਨਾਂ ਨੇ ਵਕਤ ਸਿਰ ਇਸ ਖਤਰਨਾਕ ਸਾਜ਼ਿਸ਼ ਦਾ ਮੁਕਾਬਲਾ ਕੀਤਾ ਅਤੇ ਦਲੇਰਾਨਾ ਪਹਿਲ-ਕਦਮੀ ਕਰਕੇ ਅਵਾਮ ਨੂੰ ਇਸ

ਸਾਜ਼ਿਸ਼ ਦੇ ਵਿਰੁਧ ਲਾਮਬੰਦ ਕੀਤਾ, ਬਿਹਾਰ ਦੇ ਅਵਾਮ ਇਸ ਗੱਲੋਂ ਦੇਸ਼ ਦੇ ਸਾਰੇ ਜਮਹੂਰੀ ਅਵਾਮਵਲੋਂ ਵਧਾਈ ਦੇ ਪਾਤਰ ਹਨ।

ਬਿਹਾਰ ਵਿਚ ਅਸਫਲਤਾ ਦੇ ਬਾਵਜੂਦ, ਇਹ ਪਿਛਾਂਹ-ਖਿੱਚੂ ਤਾਕਤਾਂ ਇਸ ਤਹਿਰੀਕ ਨੂੰ ਯੂ. ਪੀ., ਮਧਿਆ ਪ੍ਰਦੇਸ਼, ਪੰਜਾਬ, ਪੱਛਮੀ ਬੰਗਾਲ, ਕੇਰਾਲਾ ਅਤੇ ਮਹਾਰਾਸ਼ਟਰ ਦੇ ਪ੍ਰਾਂਤਾਂ ਵਲ ਵਧਾਣਾ ਚਾਹੁੰਦੇ ਹਨ ਅਤੇ ਇਸ ਦੇ ਲਈ ਉਹਨਾ ਨੇ ਮਾਰਕਸੀ ਪਾਰਟੀ ਵਰਗੀਆਂ ਖੱਬੀਆਂ ਪਾਰਟੀਆਂ ਅਤੇ ਕੁਝ ਪ੍ਰਤਿਕ ਜਥੇਬੰਦੀਆਂ ਅਤੇ ਪਾਰਟੀਆਂ ਦੀ ਵੀ ਮਦਦ ਲੈ ਲਈ ਹੈ — ਇਹ ਅਫਸੋਸ ਦੀ ਗੱਲ ਹੈ ਕਿ ਸੋਸ਼ਲਿਸਟ ਪਾਰਟੀ ਵਰਗੀਆਂ ਕੁਝ ਖੱਬੀਆਂ ਪਾਰਟੀਆਂ ਨੇ ਵੀ ਇਸ ਪਿਛਾਂਹ-ਖਿੱਚੂ ਲਹਿਰ ਨੂੰ ਆਪਣੀ ਹਮਾਇਤ ਦਿਤੀ ਹੈ — ਮਾਰਕਸੀ ਪਾਰਟੀ ਨੇ ਜੈ ਪ੍ਰਕਾਸ਼ ਦੀ ਇਸ ਲਹਿਰ ਦੀ ਸਰਾਹਣਾ ਕੀਤੀ ਹੈ ਅਤੇ ਸਾਡੀ ਪਾਰਟੀ ਨੂੰ ਨਿੰਦਿਆ ਹੈ ਕਿ ਅਸੀਂ ਇਸ ਤਹਿਰੀਕ ਦੀ ਵਿਰੋਧਤਾ ਕਿਉਂ ਕੀਤੀ ਹੈ ?

ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਮਾਰਕਸੀ ਪਾਰਟੀ ਨੇ ਕੇਰਾਲਾ ਦੀ ਯੂਨਾਈਟਿਡ ਫਰੰਟ ਸਰਕਾਰ ਨੂੰ ਖਤਮ ਕਰਨ ਦੀ ਮੁਹਿੰਮ ਸ਼ੁਰੂ ਕਰ ਦਿਤੀ ਹੈ, ਇਹ ਜਾਣਦੇ ਹੋਏ ਵੀ ਕਿ ਬਹੁਤ ਸਾਰੀਆਂ ਮੁਸ਼ਕਲਾਂ ਦੇ ਹੁੰਦਿਆਂ ਹੋਇਆਂ ਵੀ ਇਹ ਸਰਕਾਰ ਲੋਕਾਂ ਦੇ ਭਲੇ ਲਈ ਬਹੁਤ ਸਾਰੇ ਚੰਗੇ ਕਦਮ ਚੁਕਣ ਵਿਚ ਕਾਮਯਾਬ ਹੋ ਗਈ ਹੈ — ਸੀ. ਪੀ. ਐਮ. ਵਲੋਂ ਪਹਿਲੇ ਵੀ ਅਛੂਤਾ ਮੈਨਨ ਦੀ ਸਰਕਾਰ ਨੂੰ ਉਲਟਾਉਣ ਦੇ ਬੜੇ ਯਤਨ ਹੋਏ ਹਨ, ਪਰ ਅਵਾਮ ਦੀ ਸਹਾਇਤਾ ਨਾ ਹੋਣ ਕਰਕੇ ਇਹ ਯਤਨ ਫੇਲ੍ਹ ਹੋ ਗਏ ਹਨ — ਹੁਣ ਇਹ 'ਨੈਸ਼ਨਲ ਲਿਬਰੇਸ਼ਨ' ਵਰਗਾ ਅੰਦੋਲਨ ਸ਼ੁਰੂ ਕਰਨ ਦਾ ਇਰਾਦਾ ਰੱਖਦੀ ਹੈ ਅਤੇ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਇਸ ਅੰਦੋਲਨ ਦੇ ਸ਼ੁਰੂ ਕਰਨ ਦਾ ਸਮਾਂ ਸਾਰੇ ਦੇਸ਼ ਵਿਚ 'ਬਿਹਾਰ' ਵਰਗਾ ਜਮਹੂਰੀਅਤ-ਵਿਰੋਧੀ ਅੰਦੋਲਨ ਸ਼ੁਰੂ ਕਰਨ ਦੇ ਸਮੇਂ ਅਨੁਸਾਰ ਹੀ ਘੜਿਆ ਗਿਆ ਹੈ। ...... ਸੱਜੀ ਪਿਛਾਂਹ-ਖਿਚੂ ਤਾਕਤਾਂ ਦੀ ਇਸ ਸਾਜ਼ਿਸ਼ ਦੇ ਵਿਰੁਧ ਲੋਕਾਂ ਨੂੰ ਲਾਮਬੰਦ ਕਰਨਾ, ਪਾਰਟੀ ਆਪਣਾ ਪ੍ਰਮੁਖ ਕੰਮ ਸਮਝਦੀ ਹੈ।

o

**ਬਿਹਾਰ — ਜੈ ਪ੍ਰਕਾਸ਼** / ਜਗਨ ਨਾਥ ਸਰਕਾਰ

ਪਿਛਲੇ ਚਾਰ ਮਹੀਨਿਆਂ ਵਿਚ ਸ਼ਾਇਦ ਹੀ ਕੋਈ ਦਿਨ ਇਹੋ ਜਿਹਾ ਗੁਜ਼ਰਿਆ ਹੋਵੇਗਾ ਜਦੋਂ ਜੈ ਪ੍ਰਕਾਸ਼ ਨਰਾਇਣ ਨੇ ਆਪਣੇ 'ਸੰਪੂਰਨ ਇਨਕਲਾਬ' ਬਾਰੇ ਕੋਈ ਐਲਾਨ ਨਾ ਕੀਤਾ ਹੋਵੇ। ਫੇਰ ਵੀ ਜਨਤਾ ਨੂੰ ਉਹਨਾ ਦਾ ਉਦੇਸ਼ ਸਮਝ ਵਿਚ ਨਹੀਂ ਆ ਰਿਹਾ ਹੈ। ਇਸ ਵਿਚ ਕੋਈ ਹੈਰਾਨੀ ਨਹੀਂ ਕਿਉਂਕਿ ਜੈ ਪ੍ਰਕਾਸ਼ ਆਪਣੇ ਉਦੇਸ਼ ਨੂੰ ਅਸਲ ਵਿਚ ਸਪੱਸ਼ਟ ਨਾ ਹੋਣ ਦੇਣ ਦੀ ਸਾਵਧਾਨੀ ਵਰਤਦੇ ਹਨ। ਉਹ ਹਰ ਰੋਜ਼ ਦਾਅਵਾ ਕਰਦੇ ਹਨ ਕਿ ਉਨ੍ਹਾਂ ਕੋਲ ਸਭ ਬੁਰਾਈਆਂ ਦਾ ਹੱਲ ਹੈ ਇਹੋ ਜਿਹਾ ਹੱਲ, ਜਿਹੜਾ ਸਾਰੀਆਂ ਰਾਜਨੀਤਕ ਪਾਰਟੀਆਂ ਦੀਆਂ ਨੀਤੀਆਂ, ਪ੍ਰੋਗਰਾਮਾਂ ਅਤੇ ਵਿਚਾਰਧਾਰਾ ਨਾਲੋਂ ਵਖਰਾ ਹੈ, ਪਰ ਆਪਣੇ ਗੁਪਤ ਪ੍ਰੋਗਰਾਮ ਅਤੇ ਵਿਚਾਰਾਂ ਨੂੰ ਜਨਤਾ ਦੀਆਂ ਅੱਖਾਂ ਤੋਂ ਚਲਾਕੀ ਨਾਲ ਲੁਕਾਏ ਰਖਣ ਲਈ ਉਹ ਬੜੇ ਮਾਹਿਰ ਹਨ ਤਾਂਕਿ ਉਹਨਾਂ ਦੀ ਨੀਮ-ਹਕੀਮੀ ਦਾ ਪਰਦਾ ਨਾ ਚੁਕਿਆ ਜਾਵੇ।

ਕੁਝ ਦਿਨ ਪਹਿਲਾਂ ਜੈ ਪ੍ਰਕਾਸ਼ ਨਰਾਇਣ ਨੇ ਐਲਾਨ ਕੀਤਾ ਕਿ ਵਿਚਾਰਧਾਰਾ ਬਹੁਤ ਧੋਖੇ ਭਰਿਆ ਸ਼ਬਦ ਹੈ। ਲੋੜ ਇਸ ਗੱਲ ਦੀ ਹੈ ਕਿ ਸਭ ਵਿਚਾਰਧਾਰਾਵਾਂ ਦਾ ਅੰਤ ਕਰ ਦਿਤਾ ਜਾਵੇ। ਫੇਰ ਜਿਹੜੀਆਂ ਸਮੱਸਿਆਵਾਂ ਅੱਜ ਸਾਨੂੰ ਮੁਸ਼ਕਲ ਵਿਚ ਪਾਈ ਬੈਠੀਆਂ ਹਨ, ਉਹਨਾਂ ਦਾ ਅੰਤ ਵਿਚਾਰਧਾਰਾ ਬਗੈਰ ਉਹ ਕਿੰਜ ਕਰਨਾ ਚਾਹੁੰਦੇ ਹਨ ?

ਉਹ ਕਹਿੰਦੇ ਹਨ, 'ਜਨਤਾ ਇਕ ਹੋ ਜਾਵੇ (ਉਹ ਇਹ ਨਹੀਂ ਦਸਦੇ ਕਿ ਕਿਹੜੀ ਜਨਤਾ ? ਮਜ਼ਦੂਰ ਕਿਸਾਨ ਜਾਂ ਜ਼ਿਮੀਂਦਾਰ, ਜ਼ਖ਼ੀਰਾ-ਖੋਰ, ਇਜਾਰੇਦਾਰ ਜਾਂ ਕੇਵਲ ਵਿਦਿਆਰਥੀ ?) ਜੇ ਉਹ ਵਿਚਾਰਧਾਰਾ ਦੀ ਪੱਟੀ ਪੜ੍ਹਾ ਲੈਣਗੇ ਤਾਂ ਸਮਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਵਿਚ ਫੇਹਲ ਹੋ ਜਾਣਗੇ ਕਿਉਂਕਿ ਸੁਭਾਵਿਕ ਨੀਤੀ ਦੇ ਰਾਹ ਵਿਚ ਵਿਚਾਰਧਾਰਾ ਰੋਕ ਬਣ ਜਾਂਦੀ ਹੈ।

ਜੈ ਪ੍ਰਕਾਸ਼ ਨਾਰਾਇਣ ਦਾ ਵਿਸ਼ਵਾਸ ਹੈ ਕਿ ਸਾਰੀਆਂ ਵਿਚਾਰਧਾਰਾਵਾਂ ਦਾ ਬਹਾਦਰੀ ਨਾਲ ਵਿਰੋਧ ਹੀ ਇਨਕਲਾਬ ਦੀ ਅਸਲੀ ਪਛਾਣ ਹੈ। 'ਸੰਪੂਰਨ ਕਰਾਂਤੀ' ਨੂੰ ਸਾਰੀਆਂ ਵਿਚਾਰਧਾਰਾਵਾਂ ਦੀ ਸੰਪੂਰਨ ਨਾ ਮਨਜ਼ੂਰੀ ਉਤੇ ਹੀ ਆਧਾਰਤ ਹੋਣਾ ਪਵੇਗਾ। ਪਰ ਜੇ ਖਿਆਲ ਪੁਛਣੇ ਵੀ ਪੈ ਗਏ ਹੋਣ ਤਾਂ ਸਾਰੀਆਂ ਵਿਚਾਰਧਾਰਾਵਾਂ ਦੀ ਉਹਨਾਂ ਦੀ ਨਾਮਨਜ਼ੂਰੀ ਦਾ ਸਿਧਾਂਤ ਨਵਾਂ ਨਹੀਂ ਹੈ।

ਸਭਿਆਚਾਰਕ ਅਜ਼ਾਦੀ ਦੀ ਕਾਂਗਰਸ (ਕਾਂਗਰਸ ਫਾਰ ਕਲਚਰਲ ਫਰੀਡਮ) ਨੇ 1955 ਵਿਚ ਮਿਲਾਨ ਵਿਚ ਹੋਏ ਆਪਣੇ ਇਜਲਾਸ ਵਿਚ 'ਵਿਚਾਰਧਾਰਾ ਦਾ ਅੰਤ' ਕਹਾਵਤ ਘੜੀ। ਜਨਤਾ ਦੀਆਂ ਅੱਖਾਂ ਵਿਚ ਮਿਟੀ ਪਾਣ

ਲਈ 'ਸਾਰੀਆਂ ਵਿਚਾਰਧਾਰਾਵਾਂ ਨੂੰ ਤਿਲਾਂਜਲੀ ਦਿਓ' 'ਸਾਰੇ ਵਾਅਦਿਆਂ ਨੂੰ ਭੁਲਾ ਦਿਓ' ਆਦਿ ਨਾਅਰੇ ਪਿਛਾਂਹ ਖਿਚੂ ਦੁਨੀਆਂ ਦੇ ਪੁਰਾਣੇ ਹਥਕੰਡੇ ਹਨ। ਇਥੋਂ ਤਕ ਕਿ ਆਨੰਦ ਮੂਰਤੀ ਮਹਾਰਾਜ ਨੇ ਵੀ, ਜਿਹੜੇ ਅਜੇ ਪਟਨਾ ਜੇਹਲ ਵਿਚ ਸੜ ਰਹੇ ਹਨ, ਕਈ ਸਾਲ ਪਹਿਲਾਂ ਨਾਹਰਾ ਦਿਤਾ ਸੀ, 'ਨਾ ਪੂੰਜੀਵਾਦ, ਨਾ ਸਾਮਵਾਦ'।

ਜੈ ਪ੍ਰਕਾਸ਼ ਗੁਰੂ ਵਾਗ ਫੁਰਮਾਉਂਦੇ ਹਨ ਵਿਗਿਆਨੀਆਂ ਅਤੇ ਅਰਥ ਸ਼ਾਸਤ੍ਰੀਆਂ ਨੂੰ ਪ੍ਰੋਗਰਾਮ ਬਨਾਉਣ ਦਿਓ, ਜਿਵੇਂ ਅਜ ਤਕ ਵਿਗਿਆਨੀ ਅਤੇ ਅਰਥਸ਼ਾਸਤਰੀ ਬੇਕਾਰ ਹੀ ਬੈਠੇ ਹਨ। ਹਕੀਕਤ ਇਹ ਹੈ ਕਿ ਭਾਰਤ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆਂ 'ਚ ਵਿਗਿਆਨੀਆਂ ਅਤੇ ਅਰਥਸ਼ਾਸਤਰੀਆਂ ਨੇ ਕਈ ਪ੍ਰੋਗਰਾਮ ਤਿਆਰ ਕੀਤੇ ਹਨ। ਮੁਸ਼ਕਿਲ ਸਿਰਫ ਇਹ ਹੈ ਕਿ ਉਹ ਪ੍ਰੋਗਰਾਮ ਨੂੰ ਵਿਗਿਆਨ ਅਤੇ ਅਰਥਸ਼ਾਸਤਰ ਨਾਲੋਂ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ। ਆਪਣੇ ਵਿਸ਼ਵ ਦ੍ਰਿਸ਼ਟੀਕੋਣ ਅਨੁਕੂਲ ਉਨ੍ਹਾਂ ਨੇ ਵੱਖ ਵੱਖ ਵਿਚਾਰ ਧਾਰਾਵਾਂ ਦਾ ਵਿਕਾਸ ਕੀਤਾ ਹੈ।

ਇਨ੍ਹਾਂ ਵਿਗਿਆਨੀਆਂ ਅਤੇ ਅਰਥ ਸ਼ਾਸਤਰੀਆਂ ਦੀ ਇਹ ਬਦਕਿਸਮਤੀ ਰਹੀ ਹੈ ਕਿ ਆਪਸੀ ਵਿਰੋਧੀ ਹਿਤਾਂ ਦੇ ਟਕਰਾਉ ਤੋਂ ਪੈਦਾ ਹੋਏ ਆਪਸੀ ਵਿਰੋਧੀ ਪ੍ਰੋਗਰਾਮਾਂ ਅਤੇ ਆਪਸੀ ਵਿਰੋਧੀ ਵਿਚਾਰਧਾਰਾਵਾਂ ਵਿਚ ਸਿਰਫ ਮਜ਼ਦੂਰ ਜਮਾਤ — ਉਹ ਜਮਾਤ ਜਿਹੜੀ ਸਮਾਜਿਕ ਵਿਕਾਸ ਦੇ ਅਸੂਲਾਂ ਨਾਲ ਅਗੇ ਵਧ ਰਹੀ ਹੈ ਅਤੇ ਇਹੋ ਜਿਹੇ ਅਸੂਲਾਂ ਨਾਲ ਜਿਹੜੇ ਵੱਖ ਵੱਖ ਵਰਗਾਂ ਦੀਆਂ ਇਛਾਵਾਂ, ਭਾਵਨਾਵਾਂ ਤੋਂ ਅਜ਼ਾਦ ਹੈ—ਦੀ ਵਿਚਾਰਧਾਰਾ ਹੀ ਸਾਰੀ ਦੁਨੀਆਂ ਵਿਚ ਅਗੇ ਵਧਦੀ ਜਾ ਰਹੀ ਹੈ। ਇਹ ਹੀ ਕਾਰਨ ਹੈ ਕਿ ਮਾਰਕਸਵਾਦ ਦੀ ਵਿਚਾਰਧਾਰਾ ਅਤੇ ਉਸ ਤੇ ਅਧਾਰਤ ਪ੍ਰੋਗਰਾਮ ਦੂਜੀਆਂ ਸਾਰੀਆਂ ਵਿਚਾਰਧਾਰਾਵਾਂ ਅਤੇ ਪ੍ਰੋਗਰਾਮਾਂ ਤੇ ਹਰ ਰੋਜ਼ ਨਵੀਂ ਜਿੱਤ ਹਾਸਲ ਕਰਦੇ ਜਾ ਰਹੇ ਹਨ। ਜਿਹੜੀ ਵਿਚਾਰਧਾਰਾ ਆਮਦਨ ਤੀਕ ਵਿਰੁਧ ਹੈ, ਉਨ੍ਹਾਂ ਨੂੰ ਹਰ ਰੋਜ਼ ਨਵੀਆਂ ਨਵੀਆਂ ਅਸਫਲਤਾਵਾਂ ਦਾ ਮੂੰਹ ਵੇਖਣਾ ਪੈ ਰਿਹਾ ਹੈ ਅਤੇ ਉਹ ਡੂੰਘੇ ਸੰਕਟਾਂ ਵਿਚ ਫਸਦੀਆਂ ਜਾ ਰਹੀਆਂ ਹਨ। ਇਹ ਹੀ ਕਾਰਨ ਹੈ ਕਿ ਜਿਹੜੇ ਅਰਥਸ਼ਾਸਤਰੀ ਅਤੇ ਵਿਗਿਆਨੀ ਮਾਰਕਸੀ ਵਿਚਾਰਾਂ ਨਾਲ ਲੈਸ ਹਨ, ਜਿਨ੍ਹਾਂ ਨੇ ਮਜ਼ਦੂਰ ਜਮਾਤ ਨਾਲ ਇਕ ਮੁੱਠਤਾ ਕਾਇਮ ਕੀਤੀ ਹੈ, ਉਹ ਹੀ ਮਿਹਨਤੀ ਜਨਤਾ ਸਾਹਮਣੇ ਮੌਜੂਦ ਸਮੱਸਿਆਵਾਂ ਦਾ ਹਲ ਲਭ ਸਕਦੇ ਹਨ।

ਜੈ ਪ੍ਰਕਾਸ਼ ਕਹਿੰਦੇ ਹਨ, ਵਿਚਾਰਧਾਰਾ ਤੋਂ ਸਪੱਸ਼ਟਤਾ ਵਿਚ ਮੱਦਦ ਨਹੀਂ ਮਿਲਦੀ ਹੈ। ਸੁਆਲਾਂ ਦਾ ਜੁਆਬ ਵਿਚਾਰਧਾਰਾ ਨਹੀਂ, ਵਿਗਿਆਨ ਦੇ ਸਕਦਾ ਹੈ। ਅਸੀਂ ਉਹਨਾਂ ਦੇ ਵਿਚਾਰਕ ਵਿਗਿਆਨੀ ਦ੍ਰਿਸ਼ਟੀਕੋਣ ਦੀ ਸੁਕੜੀ ਪ੍ਰੀਖਿਆ ਕਰਨੀ ਚਾਹੁੰਦੇ ਹਾਂ। ਕੀ ਕਾਰਨ ਹੈ ਕਿ ਦੁਨੀਆਂ ਵਿਚ ਕਿਤੇ ਵੀ ਉਚੀਆਂ ਕੀਮਤਾਂ ਅਤੇ ਸਿਕੇ ਦਾ ਫੈਲਾਅ ਜਾਂ ਬੇਰੁਜ਼ਗਾਰੀ ਜਾਂ ਭ੍ਰਿਸ਼ਟਾਚਾਰ ਦੀ ਸਮੱਸਿਆ ਦਾ ਹਲ ਨਹੀਂ ਹੋਇਆ ? ਭਾਰਤ ਵਰਗੇ ਪਛੜੇ ਹੋਏ ਵਿਕਾਸਮਾਨ ਦੇਸ਼ ਵਿਚ ਹੀ ਨਹੀਂ, ਸਗੋਂ ਪੂਰਨ ਵਿਕਸ਼ਤ ਸਰਮਾਏਦਾਰ ਦੇਸ਼ ਅਮਰੀਕਾ, ਬ੍ਰਤਾਨੀਆ, ਪੱਛਮੀ ਜਰਮਨੀ ਅਤੇ ਜਾਪਾਨ ਵਿਚ ਵੀ ਇਹ ਕਿਉਂ ਸੰਭਵ ਨਹੀਂ ਹੋ ਸਕਿਆ ? ਕੀ ਇਸ ਦਾ ਇਹ ਮਤਲਬ ਨਹੀਂ ਹੈ ਕਿ ਭਾਰਤ ਸਰਮਾਏਦਾਰੀ ਵਲ ਵੀ ਵਿਕਸਤ ਕਰੇ ਤਾਂ ਵੀ ਇਹਨਾਂ ਬੁਰਾਈਆਂ ਤੋਂ ਛੁਟਕਾਰਾ ਨਹੀਂ ਪਾ ਸਕਦਾ ? ਦੂਜਾ ਇਹ ਕਿਉਂ ਹੈ ਕਿ ਸੋਵੀਅਤ ਯੂਨੀਅਨ ਅਤੇ ਦੂਜੇ ਸਮਾਜਵਾਦੀ ਦੇਸ਼ਾਂ ਵਿਚ ਕੀਮਤਾਂ ਵਿਚ ਵਾਧਾ, ਸਿਕੇ ਦਾ ਫੈਲਾਅ ਅਤੇ ਭ੍ਰਿਸ਼ਟਾਚਾਰ ਤੋਂ ਲੋਕ ਬਿਲਕੁਲ ਅਨਜਾਣ ਹਨ, ਕਿਉਂਕਿ ਇਹਨਾਂ ਦੇਸ਼ਾਂ ਵਿਚ ਜਿਸ ਸਮੇਂ ਭ੍ਰਿਸ਼ਟਾਚਾਰ ਦਾ ਪਤਾ ਲਗਦਾ ਹੈ ਉਸੇ ਸਮੇਂ ਉਸ ਨੂੰ ਨਸ਼ਟ ਕਰ ਦਿਤਾ ਜਾਂਦਾ ਹੈ।

ਜੀਵਨ ਹਰ ਰੋਜ਼ ਇਹ ਵਿਖਾਉਂਦਾ ਜਾ ਰਿਹਾ ਹੈ ਕਿ ਸਰਮਾਏਦਾਰ, ਸਾਮਰਾਜਵਾਦ ਇਜਾਰੇਦਾਰੀ ਅਤੇ ਸਾਮੰਤਵਾਦ ਦੀ ਵਿਚਾਰਧਾਰਾ ਤੇ ਅਧਾਰਤ ਨੀਤੀਆਂ ਅਤੇ ਪ੍ਰੋਗਰਾਮ ਆਪਣਾ ਦੀਵਾਲੀਆਪਣ ਹੀ ਸਾਬਤ ਕਰ ਰਹੀਆਂ ਹਨ। ਪਰ ਮਾਰਕਸਵਾਦ ਤੇ ਅਧਾਰਤ ਨੀਤੀਆਂ ਅਤੇ ਪਰੋਗਰਾਮ ਅਗੇ ਹੀ ਨਹੀਂ ਵਧ ਰਹੇ, ਸਗੋਂ ਹਰ ਰੋਜ਼ ਲੱਖਾਂ ਵਿਰੋਧੀ ਵਧਾਉਂਦੇ ਜਾ ਰਹੇ ਹਨ।

ਇਹ ਹੀ ਕਾਰਨ ਹੈ ਕਿ ਸਾਰੀ ਦੁਨੀਆਂ ਦੀਆਂ ਪਿਛਾਂਹ ਖਿੱਚੂ ਕਾਲੀਆਂ ਸ਼ਕਤੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿਤਾ, 'ਸਾਰੀਆਂ ਵਿਚਾਰਧਾਰਾਵਾਂ ਨੂੰ ਖਤਮ ਕਰੋ। ਉਹਨਾਂ ਦੀ ਆਪਣੀ ਵਿਚਾਰਧਾਰਾ ਹਰ ਰਹੀ ਹੈ। ਇਸ ਲਈ ਮਾਰਕਸਵਾਦ ਨੂੰ ਵੀ ਦੱਬਣ ਲਈ ਸਾਰੀਆਂ ਵਿਚਾਰਧਾਰਾਵਾਂ ਨੂੰ ਖਤਮ ਕਰੋ। ਸਾਰੀਆਂ ਵਿਚਾਰਧਾਰਾਵਾਂ ਨੂੰ ਰੱਦ ਕਰੋ' ਦੇ ਨਾਅਰੇ ਦਾ ਅਸਲੀ ਮਤਲਬ ਇਹ ਹੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਜਿਹੜੇ ਲੋਕ ਸਾਰੀਆਂ ਵਿਚਾਰਧਾਰਾ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਉਹ ਅਸਲ ਵਿਚ ਪਿਛਾਖੜਵਾਦ, ਸਾਮਰਾਜਵਾਦ, ਇਜਾਰੇਦਾਰੀ

ਅਤੇ ਭੂਮੀ ਮਾਲਕਾਂ ਦੀ ਵਿਚਾਰਧਾਰਾ ਦੇ ਸਮਰਥਕ ਹਨ। ਅਸਲ ਵਿਚ ਉਹ ਮਾਰਕਸੀ ਵਿਚਾਰਧਾਰਾ ਦੀ ਸਮਾਪਤੀ ਚਾਹੁੰਦੇ ਹਨ ਅਤੇ ਜੈ ਪ੍ਰਕਾਸ਼ ਇਸ ਦੇ ਉਲਟ ਨਹੀਂ ਹਨ। ਅਜੇ ਕਿ ਉਹ ਆਮ ਤੌਰ ਨਾਲ ਸਾਰੀਆਂ ਵਿਚਾਰਧਾਰਾ ਦੀ ਨਾ-ਮਨਜ਼ੂਰੀ ਚਾਹੁੰਦੇ ਹਨ। ਫਿਰ ਮਾਰਕਸਵਾਦ ਅਤੇ ਕਮਿਊਨਿਸਟਾਂ ਨੂੰ ਉਹਨਾਂ ਨੇ ਆਪਣੇ ਹਮਲੇ ਦਾ ਖ਼ਾਸ ਨਿਸ਼ਾਨਾ ਬਣਾਇਆ ਹੈ। ਉਹ ਕਹਿੰਦੇ ਹਨ, 'ਕਮਿਊਨਿਸਟ ਲੋਕ ਸਿਰਫ਼ ਪੁਰਾਣੇ ਖ਼ਿਆਲਾਂ ਦੇ ਹੀ ਨਹੀਂ, ਸਗੋਂ ਪਿਛਾਂਹ-ਖਿੱਚੂ ਵੀ ਹਨ। ਰੂਸੀ ਰਾਜ ਪੁਰਾਣਾ ਰਾਜ ਹੈ।'

ਜੈ ਪ੍ਰਕਾਸ਼ ਆਪਣੇ ਵਿਚਾਰਕ 'ਵਿਗਿਆਨਕ' ਦ੍ਰਿਸ਼ਟੀਕੋਣ ਦੇ ਕੁਝ ਉਦਾਹਰਣ ਵੀ ਦੇਂਦੇ ਹਨ ਅਤੇ ਪ੍ਰਾਈਵੇਟ ਅਤੇ ਪਬਲਿਕ ਸੈਕਟਰ ਬਾਰੇ ਉਦਾਹਰਣ, ਉਨ੍ਹਾਂ ਦੇ ਹੀ ਪਿਛਾਖੜੀ ਚਿਹਰੇ ਨੂੰ ਬੇਨਕਾਬ ਕਰਨ ਲਈ ਕਾਫ਼ੀ ਹਨ।

ਜੈ ਪ੍ਰਕਾਸ਼ ਚਾਹੁੰਦੇ ਹਨ ਕਿ ਸ੍ਰੀਮਤੀ ਗਾਂਧੀ ਖੱਬੇ ਪੱਖੀ ਤੋਂ ਦੂਰ ਹੋ ਜਾਣਾ ਵਿਚਾਰਧਾਰਕ ਪੱਟੀ ਨੂੰ ਲਾਹ ਕੇ ਸੁੱਟ ਦੇਣ ਅਤੇ ਇਜਾਰੇਦਾਰਾਂ, ਜ਼ਿਮੀਂਦਾਰਾਂ ਅਤੇ ਜਮ੍ਹਾਂ-ਖੋਰਾਂ ਦੀ ਸੇਵਾ ਜੈ ਪ੍ਰਕਾਸ਼ ਵਾਂਗ ਨਜ਼ਰ ਤੇ ਰਖ ਕੇ ਕਰਨ। ਜੈ ਪ੍ਰਕਾਸ਼ ਇਸ ਬੇਕਾਰ ਪਿਛਾਂਹ-ਖਿੱਚੂ ਦਲੀਲ ਨੂੰ ਵਿਚਾਰਨ ਵਿਗਿਆਨਕ ਦ੍ਰਿਸ਼ਟੀਕੋਣ ਤੇ ਆਧਾਰਤ ਸੁਭਾਵਕਤਾ ਅਤੇ ਬਰਾਬਰ ਵਾਧਾ ਕਹਿ ਕੇ ਜਨਤਾ ਦੇ ਮੱਥੇ ਤੇ ਥੱਪਣਾ ਚਾਹ ਰਹੇ ਹਨ।

ਜੈ ਪ੍ਰਕਾਸ਼ ਦੇ ਪਿਛਾਂਹ-ਖਿਚੂ ਉਦੇਸ਼ ਨਾ ਕੇਵਲ ਉਹਨਾਂ ਦੀ ਵਿਚਾਰਕ ਵਿਚਾਰਧਾਰਾ ਨਾਲ, ਸਗੋਂ ਉਹਨਾਂ ਦੇ ਰਾਜਨੀਤਕ ਗਠਜੋੜ ਤੋਂ ਵੀ ਲੰਮੇ ਹੋ ਚੁਕੇ ਹਨ।

ਹਰ ਤਰ੍ਹਾਂ ਦੇ ਪਿਛਾਂਹ-ਖਿਚੂ ਅਤੇ ਮੌਕਾਪ੍ਰਸਤ ਅਮਲ ਦੇ ਨਵੇਂ ਮਸੀਰਟ ਜੈ ਪ੍ਰਕਾਸ਼ ਨੂੰ ਕੇਂਦਰ ਬਣਾ ਕੇ ਜਮ੍ਹਾਂ ਹੋ ਗਏ ਹਨ। ਜਨਸੰਘ, ਰਾਸ਼ਟਰੀ ਸਵੈਮ ਸੇਵਕ ਸੰਘ, ਆਨੰਦ ਮਾਰਗ, ਸਿੰਡੀਕੇਟ ਕਾਂਗਰਸ, ਭਾਰਤੀ ਕਰਾਂਤੀ ਦਲ, ਪ੍ਰਗਤੀ ਪਾਰਟੀ, ਸ਼ਿਵ ਸੈਨਾ, ਅਕਾਲੀ ਦਲ ਵਰਗੇ ਸੱਜਪੱਖੀ ਅਤੇ ਸੰਯੁਕਤ ਸਮਾਜਵਾਦੀ ਦਲ, ਸਮਾਜਵਾਦੀ ਦਲ ਵਰਗੇ ਲਗਾਤਾਰ ਮੌਕਾਪ੍ਰਸਤ ਖੱਬੇ-ਪੱਖੀ, ਸਾਰੇ ਉਹਨਾਂ ਦੇ ਆਲੇ ਦੁਆਲੇ ਜਮ੍ਹਾਂ ਹੋ ਗਏ ਹਨ। ਉਹ ਮਾਓਵਾਦੀਆਂ ਨੂੰ ਵੀ ਫੁਸਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਸੋਵੀਅਤ ਯੂਨੀਅਨ ਪੁਰਾਣੇ ਖ਼ਿਆਲਾਂ ਵਾਲੇ ਹਨ। ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿਚ ਮਾਓ ਸਭ ਤੋਂ ਵੱਡੇ ਇਨਕਲਾਬੀ ਹੋਏ ਹਨ। ਜੈ ਪ੍ਰਕਾਸ਼ ਦੇ ਗਠਜੋੜ ਦੇ ਸਾਥੀਆਂ ਵਿਚ ਕੁਝ ਵਿਸ਼ੇਸ਼ਤਾਈਆਂ ਹਨ। ਸਾਮਰਾਜਵਾਦ ਵਿਰੋਧ, ਸੋਵੀਅਤ ਵਿਰੋਧ, ਭੂਮੀ ਸੁਧਾਰ ਵਿਰੋਧ ਆਦਿ। ਜੈ ਪ੍ਰਕਾਸ਼ ਇਹਨਾਂ ਉਦੇਸ਼ਾਂ ਨਾਲ ਸਹਿਮਤ ਹਨ — ਅਤੇ ਸੱਜਪੱਖੀ ਪਾਰਟੀਆਂ ਨੂੰ ਪੱਕੀ ਤਰ੍ਹਾਂ ਵਿਸ਼ਵਾਸ ਹੈ ਕਿ ਜੈ ਪ੍ਰਕਾਸ਼ ਉਹਨਾਂ ਨੂੰ ਧੋਖਾ ਨਹੀਂ ਦੇਣਗੇ।

ਜੈ ਪ੍ਰਕਾਸ਼ ਦੇ ਵਰਤਮਾਨ 'ਵਿਧਾਨ ਸਭਾ ਭੰਗ ਕਰੋ' ਅੰਦੋਲਨ ਦੀਆਂ ਕੁਝ ਸਪੱਸ਼ਟ ਵਿਸ਼ੇਸ਼ਤਾਈਆਂ ਹਨ, ਜਿਹੜੀਆਂ ਇਸ ਨੂੰ ਦੂਜੇ ਪਿਛਾਂਹ-ਖਿਚੂ ਅੰਦੋਲਨ ਨਾਲੋਂ ਵੱਖਰਾ ਕਰਦੀਆਂ ਹਨ।

ਸਾਡੇ ਦੇਸ਼ ਵਿਚ, ਪਿਛਾਂਹ-ਖਿਚੂ ਸ਼ਕਤੀਆਂ ਕਈ ਰਾਜਨੀਤਕ ਪਾਰਟੀਆਂ ਅਤੇ ਜਥੇਬੰਦੀਆਂ ਵਿਚ ਵੰਡੀਆਂ ਹੋਈਆਂ ਹਨ। ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਏਕਤਾਬੱਧ ਹੋਣ ਵਿਚ ਅਸਮਰਥ ਹਨ। 1971 ਦੀ ਲੋਕ ਸਭਾ ਚੋਣ ਵਿਚ ਗਠਜੋੜ ਟੁਟਣ ਪਿਛੋਂ ਸੱਜ-ਪੱਖੀ ਪਾਰਟੀਆਂ ਲਈ ਦੁਬਾਰਾ ਏਕਤਾਬੱਧ ਹੋਣਾ ਸੰਭਵ ਨਹੀਂ ਹੋ ਸਕਿਆ। ਜੈ ਪ੍ਰਕਾਸ਼ ਆਪਣੇ ਅੰਦੋਲਨ ਨੂੰ ਪਾਰਟੀ ਮੁਕਤ ਚਰਿਤਰ ਦੇ ਕੇ ਇਸ ਮੁਸ਼ਕਲ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਾਰੀਆਂ ਸੱਜ-ਪੱਖੀ ਪਾਰਟੀਆਂ ਨੂੰ ਅੰਦੋਲਨ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਹੈ। ਪਰ ਲੀਡਰਸ਼ਿਪ 'ਲੋਕ ਨਾਇਕ' ਲਈ ਸੁਰਖਿਅਤ ਅੰਦੋਲਨ ਦੀ ਜਥੇਬੰਦੀ ਵਿਚ ਵਿਦਿਆਰਥੀ ਸੰਘਰਸ਼ ਕਮੇਟੀ ਅਤੇ ਜਨਤਕ ਸੰਘਰਸ਼ ਕਮੇਟੀ ਇਸ ਤਰ੍ਹਾਂ ਵਰਗੇ ਅਰਾਜਨੀਤਕ ਨਾਮ ਅਧੀਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਸੱਜਪੱਖੀ ਪਾਰਟੀਆਂ ਨੂੰ ਆਪਣੀਆਂ ਸ਼ਕਤੀਆਂ ਸਮਾਹਿਤ ਕਰ ਦੇਣੀਆਂ ਹਨ।

ਜੈ ਪ੍ਰਕਾਸ਼ ਇਹ ਮਹਿਸੂਸ ਕਰਦੇ ਹਨ ਕਿ ਸਿਰਫ਼ ਸੱਜ-ਪੱਖੀ ਪਾਰਟੀਆਂ ਨੂੰ ਇਕਮੁੱਠ ਕਰਕੇ ਉਹ ਆਪਣੇ ਪਿਛਾਂਹ-ਖਿਚੂ ਉਦੇਸ਼ਾਂ ਦੀ ਪੂਰਤੀ ਨਹੀਂ ਕਰ ਸਕਦੇ। ਇਹੋ ਜਿਹੀਆਂ ਖੱਬੇ-ਪੱਖੀ ਪਾਰਟੀਆਂ ਨੂੰ ਲਪੇਟਣਾ ਵੀ ਜ਼ਰੂਰੀ ਹੈ, ਜੋ ਉਹਨਾਂ ਵਿਰੋਧੀਆਂ ਦੇ ਹਥਿਆਰ ਬਨਣ ਨੂੰ ਤਿਆਰ ਹਨ। ਸੰਯੁਕਤ ਸਮਾਜਵਾਦੀ ਪਾਰਟੀ ਇਹ ਰੋਲ ਕਰਨ ਨੂੰ ਤਿਆਰ ਹੋ ਗਈਆਂ ਹਨ। ਮਾਰਕਸੀ ਕਮਿਊਨਿਸਟ ਪਾਰਟੀ ਵਿਚ ਕੁਝ ਸ਼ਰਮ ਬਣੀ ਹੋਈ ਹੈ। ਇਸ ਲਈ ਉਸ ਨੂੰ ਜੈ ਪ੍ਰਕਾਸ਼ ਦੀ ਮੰਡਲੀ ਵਿਚ ਸ਼ਾਮਲ ਹੋਣ ਤੋਂ ਘਬਰਾਹਟ ਹੋ ਰਹੀ ਹੈ। ਜੈ ਪ੍ਰਕਾਸ਼ ਮਾਓ-ਵਾਦੀਆਂ ਨੂੰ ਵੀ ਵੱਸ ਵਿਚ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਮਾਓਵਾਦੀਆਂ ਨੇ ਸਾਬਤ ਕਰ ਦਿਤਾ ਹੈ

ਕਿ ਉਹ ਡਿੱਗੇ. ਪਿਛਾਂਹ-ਖਿੱਚੂਆਂ ਨਾਲ ਵੀ ਗੱਠ ਮਿਲਾ ਸਕਦੇ ਹਨ। ਇਥੋਂ ਤਕ ਕਿ ਯਾਹੀਯਾ ਖਾਂ ਨਾਲ ਵੀ, ਜਿਸ ਤਰ੍ਹਾਂ ਕਿ ਬੰਗਲਾ ਦੇਸ਼ ਦੇ ਮੁਕਤੀ ਸੰਘਰਸ਼ ਵਿਚ ਦਿਖਾਈ ਪਿਆ। ਇਹਨਾਂ ਤੋਂ ਹੋਰ ਵੀ ਲਾਭਦਾਇਕ ਕੰਮ ਹੋ ਸਕਦੇ ਹਨ। ਇਹਨਾਂ ਦਹਿਸ਼ਤ-ਪਸੰਦਾਂ ਨੂੰ ਨਾਲ ਲੈ ਕੇ ਜੇ ਪ੍ਰਕਾਸ਼ ਆਪਣੇ ਕੈਂਪ ਦੇ ਜਗਜ਼ਾਹਰ ਪਿਛਾਂਹ-ਖਿੱਚੂਆਂ ਦਾ ਬਦਸ਼ਕਲ ਚੇਹਰਾ ਲੁਕਾ ਸਕਦੇ ਹਨ। ਪਿਛਾਂਹ-ਖਿਚੂਆਂ ਅਤੇ ਮੌਕਾਪ੍ਰਸਤਾਂ ਦੀ ਇਹ ਬਹੁਰੰਗੀ ਭੀੜ ਨੂੰ ਇਕੱਠਾ ਰਖਣ ਲਈ ਜੈ ਪ੍ਰਕਾਸ਼ ਨੂੰ ਆਪਣੇ ਅੰਦੋਲਨ ਦੇ ਪਾਰਟੀ ਮੁਕਤ ਚਰਿਤਰ ਤੇ ਜ਼ੋਰ ਦੇਣਾ ਹੀ ਹੈ, ਤਾਂ ਕਿ ਉਹਨਾਂ ਦੀ ਆਪਸੀ ਨਫਰਤ ਅਤੇ ਵੈਰ ਤੋਂ ਇਹ ਗਿਰੋਹ ਟੁੱਟ-ਭੱਜ ਨਾ ਜਾਵੇ ਅਤੇ ਇਸੇ ਕਾਰਨ ਉਹਨਾਂ ਨੂੰ ਆਪਣੇ ਉਦੇਸ਼ਾਂ ਨੂੰ ਭੇਦ ਭਰਿਆ ਬਣਾਈ ਰਖਣਾ ਹੈ। ਉਹ ਕੋਈ ਠੋਸ ਨੀਤੀ ਅਤੇ ਪ੍ਰੋਗਰਾਮ ਨਿਰਧਾਰਤ ਕਰਨ ਤੋਂ ਇਨਕਾਰ ਕਰਦੇ ਹਨ, ਉਹ ਕਿਸੇ ਪਾਰਟੀ ਨੂੰ ਆਪਣੀ ਜਥੇਬੰਦੀ ਵਿਚ ਅਗਵਾਈ ਦੀ ਥਾਂ ਪ੍ਰਾਪਤ ਕਰਨ ਤੋਂ ਰੋਕਦੇ ਹਨ। ਕਿਉਂਕਿ ਉਹ ਜਾਣਦੇ ਹਨ ਕਿ ਜਿਸ ਸਮੇਂ ਉਹ ਇਸ ਤਰ੍ਹਾਂ ਹੋਣ ਦੇਣਗੇ, ਉਸੇ ਸਮੇਂ ਉਹਨਾਂ ਦੀ ਬੜੇ ਧਿਆਨ ਨਾਲ ਤਿਆਰ ਕੀਤੀ ਯੋਜਨਾ ਹੀ ਉਲਟ ਜਾਵੇਗੀ।

ਆਪਣੇ ਪਿਛਾਂਹ-ਖਿਚੂ ਗਿਰੋਹ ਨੂੰ ਇਕਮੁੱਠ ਕਰਨ ਲਈ ਜੈ ਪ੍ਰਕਾਸ਼ ਨੂੰ ਹਰ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਨੂੰ ਨਾ-ਮਨਜ਼ੂਰ ਕਰਨ ਦੀ ਦਲੀਲ ਦੇਣੀ ਹੈ ਅਤੇ ਸਰਵੋਦੇ ਮਾਓਵਾਦ ਸੁਭਾਵਕਤਾ, ਪੁਰਾਤਨਤਾ ਅਤੇ ਸਿਖਿਆ ਵਿਗਿਆਨ ਦਾ ਅਨੋਖਾ ਘੋਲ ਮੱਠਾ ਤਿਆਰ ਕਰਕੇ ਪੇਸ਼ ਕਰਦਾ ਹੈ। ਆਪਣੇ ਸਰਵੋਦੇਈ ਆਵਰਨ ਨੂੰ ਠੀਕ ਕਾਇਮ ਰਖਣ ਲਈ ਉਹ ਨੈਤਿਕ ਇਨਕਲਾਬ ਦੀ ਗੱਲ ਕਰਦੇ ਹਨ ਅਤੇ ਅਹਿੰਸਾ ਨੂੰ ਜੁਝਾਰੂਪਨ ਦਾ ਸਭ ਤੋਂ ਛੋਟਾ ਰੂਪ ਦਸਦੇ ਹਨ। ਮਾਓਵਾਦੀਆਂ ਨੂੰ ਫਸਾਉਣ ਲਈ ਉਹ ਮਾਓ ਦਾ ਗੁਣਗਾਣ ਕਰਦੇ ਹਨ ਅਤੇ ਸਪਸ਼ਟ ਕਰਦੇ ਹਨ ਕਿ ਵਿਦਿਆਰਥੀ ਸੰਘਰਸ਼ ਕਮੇਟੀ ਵਲੋਂ ਇਕ ਸਾਲ ਲਈ ਟਰੇਨਿੰਗ ਅਦਾਰਿਆਂ ਦੀ ਸਮਾਪਤੀ ਮਾਓ ਦੇ ਰੈਡ ਗਾਰਡਾਂ ਦੇ ਸਭਿਆਚਾਰਕ ਇਨਕਲਾਬ ਦੇ ਸਮਾਨ ਹੈ। ਅੱਤਵਾਦੀ ਖੱਬੇ-ਪੱਖੀਆਂ ਨੂੰ ਸੰਤੁਸ਼ਟ ਕਰਨ ਲਈ ਕਹਿੰਦੇ ਹਨ—

"ਮੈਂ ਦੋ ਹੀ ਤਰ੍ਹਾਂ ਦੇ ਜੁਝਾਰੂਪਨ ਵਿਚ ਵਿਸ਼ਵਾਸ ਕਰਦਾ ਹੈ—ਅਹਿੰਸਾ ਜਾਂ ਖੁਲ੍ਹਮ-ਖੁਲ੍ਹਾ ਹਥਿਆਰ ਚੁਕ ਕੇ ਲੜਾਈ। ਮੈਂ ਕਿਸੇ ਵੀ ਪਾਰਟੀ ਨੂੰ ਜਨਤਾ ਦੇ ਅਸੰਤੋਸ਼ ਦੀ ਵਰਤੋਂ ਕਰਕੇ ਖੂਨੀ ਇਨਕਲਾਬ ਦੀ ਅਗਵਾਈ ਕਰਨ ਵਿਚ ਸਮਰਥ ਨਹੀਂ ਪਾਉਂਦਾ। ਵਰਤਮਾਨ ਸਥਿਤੀ ਵਿਚ ਇਨਕਲਾਬ ਭਾਰੀ ਤਬਦੀਲੀ ਦਾ ਇਕ ਹੀ ਰਾਹ ਹੈ—ਅਹਿੰਸਾ। ਜੇ ਮੈਂ ਕਿਸੇ ਪਾਰਟੀ ਵਿਚ ਉਹੋ ਜਿਹੀ ਸੰਭਾਵਨਾ ਵੇਖਦਾ ਹਾਂ, ਉਸ ਨੂੰ ਰਾਈਫਲ ਨਾਲ ਰੋਕਣ ਦੀ ਕੋਸ਼ਿਸ਼ ਨਹੀਂ ਕਰਦਾ। ਚਾਹੇ ਮੈਂ ਉਸ ਵਿਚ ਸ਼ਰੀਕ ਨਹੀਂ ਹੋਂਦਾ। (ਇੰਡੀਅਨ ਨੇਸ਼ਨ 22-6-74) ਇਜਾਰੇਦਾਰਾਂ, ਜਮ੍ਹਾਂਖੋਰਾਂ ਅਤੇ ਜ਼ਿਮੀਂਦਾਰਾਂ ਨੂੰ ਸੰਤੁਸ਼ਟ ਕਰਨ ਲਈ ਉਹ ਕਹਿੰਦੇ ਹਨ—

'ਸਰਕਾਰ ਹਰ ਖੇਤਰ ਵਿਚ ਦਖਲ ਦੇ ਰਹੀ ਹੈ। ਉਹਨਾਂ ਨੂੰ ਹੈਰਾਨੀ ਨਹੀਂ ਹੋਵੇਗੀ, ਜੇ ਇਕ ਦਿਨ ਇਹੋ ਜਿਹਾ ਵੀ ਆਏਗਾ ਜਦ ਸਰਕਾਰ ਉਹਨਾਂ ਦੇ ਪਰਿਵਾਰਕ ਜੀਵਨ ਵਿਚ ਦਖਲ ਦੇਣ ਲਗੇ। (ਸਰਚਲਾਈਟ 24-6-74)

ਜੈ ਪ੍ਰਕਾਸ਼ ਨੇ ਆਪਣੇ ਪਿਛਾਂਹ ਖਿਚੂ ਅੰਦੋਲਨ ਦਾ ਆਧਾਰ ਵਿਦਿਆਰਥੀਆਂ ਨੂੰ ਬਣਾਇਆ ਹੈ ਜਿਹੜੇ ਆਪਣੇ ਨਿਮਨ ਪੂੰਜੀਵਾਦੀ ਚਰਿਤਰ ਅਤੇ ਰਾਜਨੀਤਕ ਕਾਰਨ ਵਿਰੋਧ ਦੇ ਲਚੀਲੇ ਹਥਿਆਰ ਦਾ ਕੰਮ ਕਰ ਸਕਦੇ ਹਨ। ਵਿਦਿਆਰਥੀਆਂ ਤੇ ਭਾਰਤੀ ਕਮਿਊਨਿਸਟ ਪਾਰਟੀ ਜਾਂ ਕਿਸੇ ਦੂਜੇ ਇਨਕਲਾਬੀ ਜਥੇਬੰਦੀ ਦਾ ਪ੍ਰਭਾਵ ਕਮਜ਼ੋਰ ਹੈ। ਜੇ ਉਹ ਮਜ਼ਦੂਰ ਜਮਾਤ ਨੂੰ ਆਪਣਾ ਆਧਾਰ ਬਨਾਉਂਦੀ ਤਾਂ ਉਹਨਾਂ ਨੂੰ ਕਮਿਊਨਿਸਟਾਂ ਅਤੇ ਟਰੇਡ ਯੂਨੀਅਨਾਂ ਦੀ ਸ਼ਕਤੀ ਦਾ ਮੁਕਾਬਲਾ ਕਰਨਾ ਪੈਂਦਾ।

ਜੈ ਪ੍ਰਕਾਸ਼ ਦੇ ਇਸ ਅੰਦੋਲਨ ਦੀ ਇਕ ਹੋਰ ਬਿਲਕੁਲ ਸਪੱਸ਼ਟ ਵਿਸ਼ੇਸ਼ਤਾ ਇਹੁ ਹੈ ਕਿ ਉਹ ਵਿਰੋਧੀ ਨੂੰ ਗੈਰ ਪਾਰਲੀਮੈਂਟਰੀ ਤਰੀਕੇ ਨਾਲ ਸੱਤਾ ਤੇ ਸਥਾਪਤ ਕਰਨਾ ਚਾਹੁੰਦੇ ਹਨ। ਹੁਣ ਤਕ ਪਿਛਾਖੜੀਆਂ ਨੇ ਆਪਣੇ ਆਪ ਨੂੰ ਪਾਰਲੀਮੈਂਟਰੀ ਤਰੀਕਿਆਂ ਤਕ ਹੀ ਸੀਮਤ ਰਖਿਆ ਹੈ। ਪਰ ਉਸ ਤਰੀਕੇ ਤੋਂ ਖੁਸ਼ ਹੋ ਕੇ ਉਹਨਾਂ ਨੇ ਜੈ ਪ੍ਰਕਾਸ਼ ਦੇ ਮਾਧਿਅਮ ਨਾਲ ਗੈਰ-ਪਾਰਲੀਮੈਂਟਰੀ ਤਰੀਕੇ ਦੀ ਅਜ਼ਮਾਇਸ਼ ਸ਼ੁਰੂ ਕਰ ਦਿਤੀ ਹੈ।

ਉਹ ਵਿਦਿਆਰਥੀਆਂ ਦੀ ਵਰਤੋਂ ਕਰ ਰਹੇ ਹਨ ਵਿਧਾਨ ਸਭਾ ਦੀ ਕਾਰਵਾਈ ਵੀ ਅਸੰਭਵ ਬਣਾ ਦੇਣ ਲਈ, ਵਿਧਾਇਕਾਂ ਨੂੰ ਅਸਤੀਫ਼ਾ ਦੇਣ ਤੇ ਮਜਬੂਰ ਕਰਨ ਦੇ ਉਦੇਸ਼ ਤੋਂ ਬੇਇਜ਼ਤ ਕਰਨ, ਧਰਨਾ ਅਤੇ ਟੈਕਸ ਬੰਦੀ ਮੁਹਿੰਮ ਚਲਾ ਕੇ ਸਰਕਾਰੀ ਦਫਤਰਾਂ ਦੇ ਕੰਮ ਕਾਜ

ਨੂੰ ਠੱਪ ਕਰਨ ਲਈ ਤਾਂ ਕਿ ਵਿਧਾਨ ਸਭਾ ਹਾਰ ਜਾਵੇ ਅਤੇ ਪਿਛਾਖੜਵਾਦੀ ਸੱਤਾ ਤੇ ਕਬਜ਼ਾ ਕਰ ਲਵੇ।

ਬਿਹਾਰ ਵਿਧਾਨ ਸਭਾ ਦੇ ਟੁੱਟਣ ਪਿਛੋਂ ਕੀ ਹੋਵੇਗਾ? ਇਹ ਵੀ ਇਕ ਸੁਆਲ ਹੈ, ਜਿਸ ਤੋਂ ਜੈ ਪ੍ਰਕਾਸ਼ ਉਸ ਤਰ੍ਹਾਂ ਕਤਰਾਉਂਦੇ ਹਨ, ਜਿਸ ਤਰ੍ਹਾਂ ਨੀਤੀ ਅਤੇ ਪ੍ਰੋਗਰਾਮਾ ਦੇ ਸੁਆਲਾਂ ਤੋਂ। ਇਹ ਇਕ ਮਸਲਾ ਹੈ, ਜਿਸ ਤੇ ਉਹਨਾਂ ਦੀ ਪਿਛਾਹ ਖਿਚੂ ਗਿਰੋਹ ਏਕਤਾਬੱਧ ਨਹੀਂ ਹੈ।

ਇਕ ਲਾਈਨ ਇਹ ਰਹੀ ਹੈ ਕਿ ਬਿਹਾਰ ਵਿਧਾਨ ਸਭਾ ਨੂੰ ਭੰਗ ਕਰਾਉਣ ਪਿਛੋਂ ਦੂਜੇ ਰਾਜਾਂ ਦੀਆਂ ਵਿਧਾਨ ਸਭਾਵਾਂ ਨੂੰ ਵੀ ਭੰਗ ਕਰਾਉਣ ਦੀ ਮੁਹਿੰਮ ਛੇੜ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਮਹਾ-ਰਾਸ਼ਟਰ, ਪੱਛਮੀ ਬੰਗਾਲ ਆਦਿ। ਇਸ ਕੰਮ ਲਈ ਵੱਖਰੇ ਵੱਖਰੇ ਰਾਜ ਦੀ ਸਥਿਤੀ ਦੇ ਅਨੁਕੂਲ ਰਾਸ਼ਟਰੀ ਸਵੈਮ ਸੇਵਕ ਸੰਘ, ਸ਼ਿਵ ਸੈਨਾ, ਮਾਓਵਾਦੀਆਂ ਅਤੇ ਇਸ ਤਰ੍ਹਾਂ ਦੀਆਂ ਦੂਜੀਆਂ ਜਥੇਬੰਦੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਕਈ ਰਾਜ ਵਿਧਾਨ ਸਭਾਵਾਂ ਨੂੰ ਭੰਗ ਕਰਾਇਆ ਜਾ ਸਕਦਾ ਹੈ ਤਾਂ ਇਕ ਪਿਛਾਖੜਵਾਦੀ ਰਾਸ਼ਟਰਪਤੀ ਨੂੰ ਜੇਤੂ ਬਣਾਇਆ ਜਾ ਸਕਦਾ ਹੈ।

ਦੂਜੀ ਲਾਇਨ ਇਹ ਹੈ ਕਿ ਕਈ ਸਭਾਵਾਂ ਦੇ ਭੰਗ ਕਰਨ ਅਤੇ ਪ੍ਰਸ਼ਾਸਨ ਦੇ ਠੱਪ ਹੋ ਜਾਣ ਤੋਂ ਪੈਦਾ ਹੋਈ ਗਲਤ ਸਥਿਤੀ ਦਾ ਲਾਭ ਉਠਾਕੇ ਕਾਂਗਰਸ ਤੇ ਦਬਾਅ ਦੇ ਕੇ ਉਸ ਨੂੰ ਸੱਜ-ਪੱਖੀਆਂ ਨਾਲ ਸਮਝੌਤਾ ਕਰਨ ਤੇ ਮਜਬੂਰ ਕੀਤਾ ਜਾਵੇ—ਜਾਂ ਤਾਂ ਸੱਜ-ਪੱਖੀ ਪਾਰਟੀਆਂ ਨਾਲ ਇਕ ਕੌਮੀ ਸਰਕਾਰ ਦੀ ਜਥੇਬੰਦੀ ਕਰਕੇ ਜਾਂ ਸੱਜ-ਪੱਖੀ ਪਾਰਟੀਆਂ ਦੇ ਇਸ਼ਾਰੇ ਮੁਤਾਬਕ ਨੀਤੀਆਂ ਜਾਂ ਪ੍ਰੋਗਰਾਮਾ ਵਿਚ ਤਬਦੀਲ ਕਰਕੇ। ਇਕ ਤੀਜੀ ਲਾਈਨ ਇਹ ਹੈ ਕਿ ਬਿਹਾਰ ਵਿਧਾਨ ਸਭਾ ਦੇ ਭੰਗ ਹੋਣ ਪਿਛੋਂ ਸੱਜ-ਪੱਖੀ ਪਾਰਟੀਆਂ ਨੂੰ ਸਮਝੌਤੇ ਦੇ ਅਧਾਰ ਤੇ ਚੋਣ ਲੜਨੀ ਚਾਹੀਦੀ ਹੈ ਅਤੇ ਵਿਦਿਆਰਥੀ ਸੰਘਰਸ਼ ਕਮੇਟੀ ਦੀ ਸਹਾਇਤਾ ਨਾਲ ਮਤਦਾਨ ਕੇਂਦਰਾਂ ਤੇ ਕਬਜ਼ਾ ਕਰਕੇ ਚੋਣ ਜਿੱਤਣ ਲਈ ਲਿਆ ਜਾਵੇ ਅਤੇ ਇਸ ਕੰਮ ਨਾਲ ਵਿਧਾਨ ਸਭਾ ਵਿਚ ਬਹੁਮਤ ਹਾਸਲ ਕੀਤਾ ਜਾਵੇ। ਨਵੇਂ ਰਾਜਨੀਤਕ ਢਾਂਚੇ ਦੇ ਸਬੰਧ ਵਿਚ ਜੈ ਪ੍ਰਕਾਸ਼ ਦੀ ਆਪਣੀ ਨਵੀਂ ਯੋਜਨਾ ਹੈ। ਜਿਹੜੀ ਵਿਧਾਨ ਸਭਾ ਦੇ ਭੰਗ ਹੋਣ ਪਿਛੋਂ ਮੌਜੂਦਾ ਪਾਰਲੀਮੈਂਟਰੀ ਢਾਂਚੇ ਦੀ ਜਗ੍ਹਾ ਪਾਰਟੀ ਰਹਿਤ ਜਮਹੂਰੀਅਤ ਤੇ ਆਧਾਰਤ ਹੈ। ਪਾਰਟੀ ਰਹਿਤ ਜਮਹੂਰੀਅਤ ਬਾਲਗ ਵੋਟ ਦੇ ਅਧਿਕਾਰ ਤੇ ਆਧਾਰਤ ਪਾਰਲੀਮੈਂਟਰੀ ਜਮਹੂਰੀਅਤ ਨੂੰ ਖਤਮ ਕਰ ਦੇਵੇਗੀ। ਇਸ ਅਨੁਸਾਰ ਪਿੰਡਾਂ, ਮਿਉਂ-ਨਿਸਪਲ ਬੋਰਡਾਂ ਤੋਂ ਕੁਝ ਪ੍ਰਤੀਨਿਧ ਸਰਵ ਸੰਮਤੀ ਨਾਲ ਚੁਣੇ ਜਾਣਗੇ ਅਤੇ ਇਹ ਪ੍ਰਤੀਨਿਧ ਮੰਡਲ ਲਈ ਪ੍ਰਤੀ-ਨਿਧਾਂ ਦੀ ਚੋਣ ਸਰਬ ਸੰਮਤੀ ਨਾਲ ਕਰਨਗੇ ਅਤੇ ਫੇਰ ਇਸ ਤਰ੍ਹਾਂ ਰਾਜ ਅਤੇ ਕੇਂਦਰ ਵਿਚ ਸੱਤਾ ਦੇ ਮੁਖ ਹਿੱਸਿਆਂ ਦਾ ਗਠਨ ਹੋਵੇਗਾ। ਪਾਰਟੀ ਰਹਿਤ ਜਮਹੂਰੀ-ਅਤ ਦਾ ਸੁਭਾਵਕ ਅਰਥ ਹੋਵੇਗਾ ਸਾਰੇ ਰਾਜਨੀਤਕ ਦਲਾਂ ਦਾ ਖਾਤਮਾ ਕਿਉਂਕਿ ਜਮਾਤੀ ਸਮਾਜ ਵਿਚ ਪਾਰਟੀ ਹੀਨ ਜਮਹੂਰੀਅਤ ਸੰਭਵ ਨਹੀਂ ਹੈ। ਇਹੋ ਜਿਹੀ ਪਾਰਟੀ ਹੀਨ ਜਮਹੂਰੀਅਤ ਪਾਕਿਸਤਾਨ ਦਾ ਅਯੂਬ ਖਾਂ ਦੇ ਬੁਨਿਆਦੀ ਲੋਕ ਰਾਜ ਜਾਂ ਨੇਪਾਲ ਦੇ ਪੰਚਾਇਤੀ ਰਾਜ ਦਾ ਚਰਿੱਤਰ ਗ੍ਰਹਿਣ ਕਰ ਲਵੇਗਾ।

ਇਹ ਕਹਿਣਾ ਜ਼ਰੂਰੀ ਨਹੀਂ ਹੈ ਕਿ ਇਸ ਪਿਛਾਂਹ ਖਿਚੂ ਗਿਰੋਹ ਸਾਹਮਣੇ ਕਿੰਨੇ ਰੋਲ ਹਨ। ਉਹਨਾਂ ਵਿਚ ਜੈ ਪ੍ਰਕਾਸ਼ ਦਾ ਰੋਲ ਸਭ ਤੋਂ ਜ਼ਿਆਦਾ ਖਤਰਨਾਕ ਅਤੇ ਗੰਦਾ ਹੈ, ਕਿਉਂਕਿ ਉਸਦਾ ਅਰਥ ਹੈ, ਪਾਰਲੀਮੈਂਟਰੀ ਜਮਹੂਰੀਅਤ ਦਾ ਖਾਤਮਾ ਅਤੇ ਸਾਰੇ ਰਾਜਨੀਤਕ ਦਲਾਂ ਤੇ ਪਾਬੰਦੀ। ਵਿਧਾਨ ਸਭਾ ਦੇ ਭੰਗ ਹੋਣ ਪਿਛੋਂ ਅਪਣਾਏ ਜਾਣ ਵਾਲੇ ਰਾਹ ਦੇ ਸੁਆਲ ਤੇ ਜੈ ਪ੍ਰਕਾਸ਼ ਦੇ ਝੰਡੇ ਥਲੇ ਇਕਮੁਠ ਪਿਛਾਂਹ ਖਿਚੂਆਂ ਵਿਚ ਡੂੰਘਾ ਮਤਭੇਦ ਹੋ ਗਿਆ।

ਨਤੀਜਾ ਇਹ ਹੋਇਆ ਹੈ ਕਿ ਜੈ ਪ੍ਰਕਾਸ਼ ਪਿਛੇ ਸਾਰੀਆਂ ਪਿਛਾਂਹ ਖਿਚੂ ਪਾਰਟੀਆਂ ਵਿਚ ਫੁਟ ਪੈ ਗਈ ਹੈ ਫੇਰ ਵੀ ਲਾਈਨ ਤੇ ਗਿਰੋਹਬੰਦ ਇਕ ਸਮਝੌਤਾ ਉਨ੍ਹਾਂ ਵਿਚ ਹੋਇਆ ਹੈ—ਪਾਰਲੀਮੈਂਟਰੀ ਜਮਹੂਰੀਅਤ ਦੀ ਵਰਤਮਾਨ ਪ੍ਰਣਾਲੀ ਕਾਇਮ ਰਹੇਗੀ। ਵਿਧਾਨ ਸਭਾ ਦੇ ਭੰਗ ਹੋਣ ਪਿਛੋਂ ਵਰਤਮਾਨ ਚੋਣ ਪ੍ਰਣਾਲੀ ਅਨੁਸਾਰ ਨਵੀਆਂ ਚੋਣਾਂ ਹੋਣਗੀਆਂ। ਹਰ ਚੋਣ ਖੇਤਰ ਲਈ ਸਰਬ ਸਹਿਮਤੀ ਦੇ ਆਧਾਰ ਤੇ ਵਿਦਿਆਰਥੀ ਸੰਘਰਸ਼ ਕਮੇਟੀ ਉਮੀਦਵਾਰਾਂ ਦੀ ਚੋਣ ਕਰੇਗੀ। ਜੈ ਪ੍ਰਕਾਸ਼ ਦਾ ਸਮਰਥਨ ਕਰਨ ਵਾਲੀਆਂ ਪਾਰਟੀਆਂ ਨੂੰ ਵਿਦਿਆਰਥੀ ਸੰਘਰਸ਼ ਕਮੇਟੀ ਦੀ ਸਹਾਇਤਾ ਨਾਲ ਉਮੀਦਵਾਰ ਖੜੇ ਕਰਨ ਦਾ ਹੁਕਮ ਦਿਤਾ ਜਾਵੇਗਾ।

ਇਸ ਤਰ੍ਹਾਂ ਪਾਰਟੀ ਸਿਧਾਂਤ ਅਤੇ ਪਾਰਟੀ ਹੀਨ ਸਿਧਾਂਤ ਵਿਚ ਇਕ ਮੌਕਾਪ੍ਰਸਤੀ ਸਮਾਜ ਸਥਾਪਤ ਕੀਤਾ ਗਿਆ ਹੈ।

ਜੈ ਪ੍ਰਕਾਸ਼ ਜਿਹਨਾਂ ਉਦੇਸ਼ਾਂ ਨੂੰ ਲੈ ਕੇ ਚਲ ਰਹੇ ਹਨ

ਅਤੇ ਉਨ੍ਹਾਂ ਪਿਛਾਹ-ਖਿਚੂ ਉਦੇਸ਼ਾਂ ਦੀ ਪ੍ਰਾਪਤੀ ਲਈ ਜਿਹਨਾਂ ਨੂੰ ਲਾਗੂ ਕਰ ਰਹੇ ਹਨ ਕਿਉਂਕਿ, ਉਨ੍ਹਾਂ ਨੇ ਬੜੀ ਚਲਾਕੀ ਨਾਲ ਆਪਣੇ ਠੀਕ ਵਿਚਾਰਿਆਂ ਨੂੰ ਲੁਕਾ ਕੇ ਰੱਖਿਆ ਹੈ। ਲਗਾਤਾਰ ਪਿਛਾਂਹ ਖਿਚੂਆਂ ਨੂੰ ਪਿਛੋਕੜ ਵਿਚ ਰਖਿਆ ਹੈ ਅਤੇ ਸਭ ਤੋਂ ਮਹੱਤਵ ਪੂਰਨ ਇਹ ਹੈ ਕਿ ਉਨ੍ਹਾਂ ਨੇ ਬੰਦ, ਘੇਰਾਓ, ਭੁਖ ਹੜਤਾਲ ਪ੍ਰਸ਼ਾਸਨ ਨੂੰ ਠਪ ਕਰੋ ਆਦਿ ਅੰਦੋਲਨ ਦੇ ਗੈਰ ਪਾਰਲੀਮੈਂਟਰੀ ਤਰੀਕੇ ਅਪਣਾਏ ਹਨ। ਇਸ ਲਈ ਉਹ ਇਹ ਧਾਰਨਾ ਫੈਲਾਉਣ ਵਿਚ ਕੁਝ ਹਦ ਤਕ ਸਫਲ ਹੋ ਗਏ ਹਨ। ਗੈਰ ਪਾਰਲੀਮੈਂਟਰੀ ਤਰੀਕਿਆਂ ਨਾਲ ਪਿਛਾਕੜ ਨੂੰ ਸਤਾ ਤੇ ਲਿਆਉਣ ਦੀ ਇਸ ਸਾਜ਼ਸ਼ ਨੂੰ ਸੰਪੂਰਨ ਇਨਕਲਾਬ ਦਾ ਲੁਭਾਵਨਾ ਨਾਅ ਦੇ ਕੇ ਉਸ ਦਾ ਢੋਲ ਪਿਟਿਆ ਜਾ ਰਿਹਾ ਹੈ।

ਹੁਣ ਤਕ ਜੈ ਪ੍ਰਕਾਸ਼ ਆਪਣੇ ਆਪਣੇ ਕਿਸੇ ਵੀ ਉਦੇਸ਼ ਦੀ ਪ੍ਰਾਪਤੀ ਵਿਚ ਸਫਲ ਨਹੀਂ ਹੋ ਸਕੇ ਹਨ। ਜੈ ਪ੍ਰਕਾਸ਼ ਦੇ ਅੰਦੋਲਨ ਪਿਛੇ ਜਿਹੜੀਆਂ ਸ਼ਕਤੀਆਂ ਅਸਲ ਵਿਚ ਕੰਮ ਕਰ ਰਹੀਆਂ ਹਨ। ਉਨ੍ਹਾਂ ਨੂੰ ਆਮ ਜਨਤਾ ਦਿਨੋ ਦਿਨ ਬੇਨਕਾਬ ਹੁੰਦੇ ਵੇਖ ਰਹੀ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਜੈ ਪ੍ਰਕਾਸ਼ ਦੀ ਇਹ ਪਿਛਾਂਹ ਖਿਚੂ ਬੇਹੌਸਲਾ ਬਿਹਾਰ ਵਿਚ ਦਫਨ ਹੋ ਜਾਵੇਗਾ ਅਤੇ ਇਸ ਨਾਲ ਆਪਣੇ ਹਮਲੇ ਦਾ ਵਿਸਥਾਰ ਦੂਜੇ ਰਾਜਾਂ ਤਕ ਕਰਨ ਦੀ ਪਿਛਾਂਹ ਖਿਚੂਆਂ ਦੀ ਯੋਜਨਾ ਵੀ ਇਥੇ ਹੀ ਫਟ ਕੇ ਰਹਿ ਜਾਵੇਗੀ।

○

## ਬਿਹਾਰ / ਜਨ ਕ੍ਰਾਂਤੀ ਦੇ ਸੰਦਰਭ ਵਿਚ /

ਸਤਿਆ ਨਾਰਾਇਣ ਸਿੰਘ

ਭਰਿਸ਼ਟਾਚਾਰ, ਮਹਿੰਗਾਈ, ਦੋਸ਼ਪੂਰਣ ਸਿਖਿਆ ਪ੍ਰਣਾਲੀ, ਬੇਰੁਜ਼ਗਾਰੀ ਆਦਿ ਦੇ ਵਿਰੁਧ ਬਿਹਾਰ ਦੇ ਵਿਦਿਆਰਥੀਆਂ ਤੇ ਨੌਜਵਾਨਾਂ ਦੁਆਰਾ ਚਲਾਇਆ ਹੋਇਆ ਅੰਦੋਲਨ ਇਕ ਨਵੇਂ ਪੜਾਅ ਵਿੱਚ ਦਾਖਲ ਹੋ ਰਿਹਾ ਹੈ। ਇੰਦਰਾ ਸਰਕਾਰ ਵਲੋਂ ਲਾਠੀ, ਗੋਲੀ, ਕਰਫਿਊ ਜੇਲ੍ਹ ਤੇ ਦਮਨ ਦੇ ਸਾਰਿਆਂ ਫਾਸ਼ੀ ਤਰੀਕਿਆਂ ਦੀ ਅੰਨ੍ਹੇਵਾਹ ਵਰਤੋਂ ਦੇ ਬਾਵਜੂਦ ਅੰਦੋਲਨ ਘਟਣ, ਸੁੰਘੜਣ ਜਾਂ ਰੁਕਣ ਦੀ ਬਜਾਏ ਆਪਣੀ ਵਿਆਪਕਤਾ ਤੇ ਡੂੰਘਾਈ ਵਿਚ ਲਗਾਤਾਰ ਵਿਕਸਿਤ ਹੁੰਦਾ ਜਾ ਰਿਹਾ ਹੈ। ਚਾਹੇ ਹਾਲੇ ਵਿਦਿਆਰਥੀ ਅਤੇ ਨੌਜਵਾਨ ਇਸ ਅੰਦੋਲਨ ਦੀ ਮੁਖ ਤਾਕਤ ਹਨ, ਪਰ ਹੁਣ ਇਹ ਅੰਦੋਲਨ ਸਿਰਫ ਉਨ੍ਹਾਂ ਤਕ ਸੀਮਿਤ ਨਹੀਂ ਹੈ।

ਪਿਛਲੇ ਕੁਝ ਹਫਤਿਆਂ ਵਿਚ ਇਕ ਵੱਡੀ ਗੱਲ ਇਹ ਹੋਈ ਹੈ ਕਿ ਮਜ਼ਦੂਰਾਂ, ਕਿਸਾਨਾਂ, ਮੱਧ-ਵਰਗੀ ਬੁਧੀ-ਜੀਵਿਆਂ, ਛੋਟੇ ਤੇ ਦਰਮਿਆਨੇ ਵਿਉਪਾਰੀਆਂ ਦਾ ਵਿਸ਼ਾਲ ਜਨ-ਸਮੂਹ ਜਾਗ੍ਰਿਤ ਹੋਇਆ ਹੈ ਅਤੇ ਅੰਦੋਲਨ ਵਿਚ ਹਿੱਸਾ ਲੈ ਰਿਹਾ ਹੈ। ਆਕਾਰ ਅਤੇ ਵਿਆਪਕਤਾ ਦੇ ਪੱਖੋਂ ਅਸੀਂ ਹੁਣ ਇਕ ਮਹਾਨ ਜਨ-ਵਿਦਰੋਹ ਦੇ ਦੌਰ ਵਿਚੋਂ ਲੰਘ ਰਹੇ ਹਾਂ। ਪਿਛਲੇ ਹਫਤਿਆਂ ਵਿਚ ਇਕ ਹੋਰ ਵੱਡੀ ਗੱਲ ਹੋਈ ਹੈ। ਹੁਣ ਅੰਦੋਲਨ ਦੇ ਨਿਸ਼ਾਨਿਆਂ ਵਿਚ ਗਫੂਰ ਮੰਤਰੀ-ਮੰਡਲ ਦੇ ਅਸਤੀਫੇ ਦੇ ਨਾਲ ਨਾਲ ਭਰਿਸ਼ਟਾਚਾਰ ਤੇ ਬੋਗਸ ਵੋਟਾਂ ਤੇ ਆਧਾਰਿਤ ਵਿਧਾਨ ਸਭਾ ਨੂੰ ਭੰਗ ਕਰਨ ਦਾ ਨਿਸ਼ਾਨਾ ਵੀ ਜੁੜ ਗਿਆ ਹੈ ਅਤੇ ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਬਿਹਾਰ ਦੇ ਲੋਕ ਹੁਣ ਮੌਜੂਦਾ ਢਾਂਚੇ 'ਚ ਕਿਸੇ ਕਿਸਮ ਦੇ ਸਬਜ਼ ਬਾਗਾਂ, ਪੋਚਾ-ਪਾਚੀ ਤੇ ਟਾਲਮਟੋਲ ਨਾਲ ਸੰਤੁਸ਼ਟ ਹੋਣ ਵਾਲੇ ਨਹੀਂ, ਉਹ ਉਸ ਨੂੰ (ਢਾਂਚੇ ਨੂੰ) ਪੂਰੀ ਤਰ੍ਹਾਂ ਫਨਾਹ ਕਰਨਾ ਚਾਹੁੰਦੇ ਹਨ। ਮੌਜੂਦਾ ਜਨ-ਅੰਦੋਲਨ ਨੇ ਲੋਕਾਂ ਨੂੰ ਇਕ ਨਵੀਂ ਪੱਧਰ ਤੇ ਖੜੀ ਕਰ ਦਿਤਾ ਹੈ। ਅਸੀਂ ਇਸ ਮਹਾਨ ਉਥਲ-ਪੁਥਲ ਦਾ ਸਵਾਗਤ ਕੀਤਾ ਹੈ ਅਤੇ ਸਾਡਾ ਯਕੀਨ ਹੈ ਕਿ ਇਸ ਮਹਾਨ ਉਥਲ-ਪੁਥਲ ਵਿਚ ਐਸਾ ਬੜਾ ਕੁਝ ਹੈ, ਜਿਸ ਨਾਲ ਭਾਰਤੀ ਇਨਕਲਾਬ ਨੂੰ ਬੜੀ ਤਾਕਤ, ਵੇਗ ਤੇ ਅਟੱਲਤਾ ਪ੍ਰਾਪਤ ਹੋਵੇਗੀ।

ਸਾਡੀ ਪਾਰਟੀ ਨੇ ਇਸ ਲੋਕ-ਸੰਘਰਸ਼ ਵਿਚ ਮਹਾਨ ਸੰਭਾਵਨਾਵਾਂ ਦੇਖੀਆਂ ਹਨ ਤੇ ਇਸ ਦਾ ਦ੍ਰਿੜ੍ਹਤਾ ਅਤੇ ਗਰਮਜੋਸ਼ੀ ਨਾਲ ਸਮਰਥਨ ਕੀਤਾ ਹੈ। ਨਾਲ ਹੀ, ਇਸ ਸੰਘਰਸ਼ ਨੂੰ ਹੋਰ ਵੀ ਵਿਆਪਕ, ਡੂੰਘਾ ਤੇ ਉੱਚਾ ਲੈ ਜਾਣ ਦੇ ਕੰਮ ਦੀ ਸੇਧ ਅਪਨਾਈ ਹੈ ਅਤੇ ਇਸ ਸਹੀ ਤੇ ਵਿਗਿਆਨਕ ਕੰਮ ਦੀ ਸੇਧ ਦੇ ਨਤੀਜੇ ਕੁਝ ਨਜ਼ਰ ਵੀ ਆਉਣ ਲਗੇ ਹਨ।

ਡਾਂਗੇ ਪਾਰਟੀ ਨੇ, ਜੋ ਇੰਦਰਾ ਸ਼ਾਹੀ ਦੀ ਵਫਾਦਾਰ ਹੈ, ਸਾਡੀ ਪਾਰਟੀ ਦੇ ਖਿਲਾਫ ਜ਼ਹਿਰ ਉਗਲਣਾ ਸ਼ੁਰੂ ਕਰ ਦਿਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੀ ਪਾਰਟੀ ਸੱਜੇ-ਪੱਖੀ ਪਿਛਾਂਹ-ਖਿੱਚੂਆਂ ਨਾਲ ਮਿਲ ਗਈ ਹੈ ਅਤੇ ਦੇਸ਼ 'ਚ 'ਪਾਰਲੀਮਾਨੀ-ਜਮਹੂਰੀਅਤ' ਨੂੰ ਦਫਨਾਉਣ ਤੇ ਡਿਕਟੇਟਰਸ਼ਿਪ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੇ ਲਈ ਇਹ ਪਾਰਟੀ ਜਨ ਸੰਘ ਤੇ ਸੰਗਠਨ ਕਾਂਗਰਸ ਵਲ ਇਸ਼ਾਰਾ ਕਰਦੀ ਹੈ ਅਤੇ ਜਨ-ਸਮੂਹ ਨੂੰ ਗੁਮਰਾਹ ਕਰਨ ਲਈ ਇਹ ਦਾਅਵਾ

ਕਰਦੀ ਹੈ ਕਿ ਮੌਜੂਦਾ ਅੰਦੋਲਨ ਇਕ ਸੱਜੇ-ਪੱਖੀ, ਫਾਸ਼ੀ ਤੇ ਪਿਛਾਹ-ਖਿਚੂ ਅੰਦੋਲਨ ਹੈ। ਅਸੀਂ ਇਹ ਪੂਰੀ ਤਰ੍ਹਾਂ ਸਾਫ ਕਰ ਦੇਣਾ ਚਾਹੁੰਦੇ ਹਾਂ ਕਿ ਕਿਸੇ ਅੰਦੋਲਨ ਦਾ ਖਾਸਾ ਸਿਰਫ ਲੀਡਰਸ਼ਿਪ ਦੇ ਜਮਾਤੀ ਖ਼ਾਸੇ ਤੋਂ ਨਹੀਂ ਮਿਥਿਆ ਜਾਂਦਾ। ਜੇ ਲੀਡਰਸ਼ਿਪ ਦੇ ਖਾਸੇ ਤੋਂ ਅੰਦੋਲਨਾਂ ਦੇ ਖਾਸੇ ਮਿਥਣ ਦੀ ਨੀਤੀ ਅਪਨਾਈ ਜਾਏ ਤਾਂ ਭਾਰਤ ਦੀ ਪਹਿਲੀ ਜੰਗਿ-ਅਜ਼ਾਦੀ ਨੂੰ (ਸੰਨ 1857) ਇਕ ਪਿਛਾਹ-ਖਿੱਚੂ, ਸੱਜੇ-ਪੱਖੀ ਤੇ ਜਗੀਰੂ ਸੰਗਰਾਮ ਕਿਹਾ ਜਾਏਗਾ। ਇਸ ਨਾਲੋਂ ਵਧ ਕੇ ਹਾਸੋ-ਹੀਣੀ ਗੱਲ ਹੋਰ ਕੀ ਹੋਵੇਗੀ? ਜੇ ਉਪਰਲੀ ਦਲੀਲ-ਬਾਜ਼ੀ ਅਪਨਾਈ ਜਾਵੇ ਤਾਂ ਜਾਪਾਨੀ ਹਮਲੇ ਦੇ ਖਿਲਾਫ ਚੀਨੀ ਕਮਿਊਨਿਸਟਾਂ ਦਾ ਚਿਆਂਗ-ਕਾਈ-ਸ਼ੇਕ ਨਾਲ ਸਮਝੌਤਾ ਸੱਜੇ-ਪੱਖੀ ਅਤੇ ਪ੍ਰਿਛਾਹ-ਖਿੱਚੂ ਕਰਾਰ ਦੇ ਦਿਤਾ ਜਾਏਗਾ। ਹੁਣ ਇਸ ਤੋਂ ਵਧ ਕੇ ਹਾਸੋ-ਹੀਣੀ ਗੱਲ ਕੀ ਹੋਵੇਗੀ।

ਕਿਸੇ ਵੀ ਅੰਦੋਲਨ ਦਾ ਖਾਸਾ ਤਿੰਨਾਂ ਗੱਲਾਂ ਤੋਂ ਮਿਥਿਆ ਜਾਂਦਾ ਹੈ। ਪਹਿਲਾ ਇਹ ਕਿ ਉਸ ਅੰਦੋਲਨ ਦੇ ਹਮਲੇ ਦਾ ਨਿਸ਼ਾਨਾ ਕੌਣ ਹੈ, ਦੂਸਰਾ ਇਹ ਕਿ ਉਹ ਕਿੰਨਾਂ ਸਵਾਲਾਂ ਤੇ ਅਧਾਰਿਤ ਹੈ ਅਤੇ ਤੀਸਰਾ ਇਹ ਕਿ ਉਸ ਦੀ ਲੀਡਰਸ਼ਿਪ ਦਾ ਜਮਾਤੀ-ਖਾਸਾ ਕੀ ਹੈ। ਸਿਰਫ ਲੀਡਰਸ਼ਿਪ ਦੀ ਬੁਨਿਆਦ ਤੇ ਜਾਂ ਲੋਟੂ-ਜਮਾਤ ਦੇ ਇਕ ਹਿੱਸੇ ਦੇ ਸ਼ਾਮਿਲ ਹੋਣ ਦੀ ਬੁਨਿਆਦ ਤੇ ਕਿਸੇ ਅੰਦੋਲਨ ਦਾ ਖਾਸਾ ਮਿਥਣਾ ਮਾਰਕਸਵਾਦ-ਲੈਨਿਨਵਾਦ ਨੂੰ ਤਿਲਾਂਜਲੀ ਦੇਣੀ ਹੈ।

ਅੱਜ ਦੇ ਇਸ ਅੰਦੋਲਨ ਦੇ ਹਮਲੇ ਦਾ ਨਿਸ਼ਾਨਾ ਕੌਣ ਹੈ? ਉਹ ਹੈ ਇੰਦਰਾ ਸਰਕਾਰ। ਅੱਜ ਸੋਵੀਅਤ ਸਮਾਜਿਕ-ਸਾਮਰਾਜਵਾਦ ਤੇ ਅਮਰੀਕੀ ਸਾਮਰਾਜਵਾਦ ਵਿਚ, ਸੰਸਾਰ-ਚੌਧਰ ਲਈ ਦੁਸ਼ਮਣੀ ਬਹੁਤ ਤਿੱਖੀ ਹੋ ਗਈ ਹੈ। ਸੰਸਾਰ ਦੇ ਹਰ ਕੋਨੇ 'ਚ ਮੰਡੀਆਂ ਤੇ ਕਬਜ਼ਾ ਕਰਨ ਲਈ, ਕੱਚੇ ਮਾਲ ਦੇ ਸੋਮਿਆਂ ਤੇ ਕਬਜ਼ਾ ਕਰਨ ਲਈ ਤੇ ਰਾਜਨੀਤਿਕ-ਫੌਜੀ ਅੱਡਿਆਂ ਲਈ ਮਹਾਂ ਭਾਰਤ ਛਿੜਿਆ ਹੋਇਆ ਹੈ। ਸਾਡਾ ਦੇਸ਼ ਵੀ ਇਸ ਮਹਾਂ ਭਾਰਤ ਦਾ ਅਖਾੜਾ ਬਣਿਆ ਹੋਇਆ ਹੈ। ਇੰਦਰਾ ਸਰਕਾਰ ਨੇ ਦੇਸ਼ ਨੂੰ ਸੋਵੀਅਤ ਸਮਾਜਿਕ-ਸਾਮਰਾਜਵਾਦੀਆਂ ਦੇ ਹਵਾਲੇ ਕਰ ਦਿਤਾ ਹੈ ਅਤੇ ਇਸੇ ਕਾਰਣ ਹਾਕਮ ਟੋਲੇ ਵਿਚ ਫੁਟ ਪੈ ਚੁੱਕੀ ਹੈ। ਰਾਜ ਤੇ ਕਾਬਜ਼ ਹਾਕਮ ਰੂਸ ਦੇ ਦਲਾਲ ਹਨ ਤੇ ਸੱਤਾ ਨੂੰ ਬਦਲਣ ਲਈ ਜਨਤਾ ਨੂੰ ਉਨ੍ਹਾਂ ਤੇ ਹੀ ਆਪਣਾ ਹਮਲਾ ਕੇਂਦਰਿਤ ਕਰਨਾ ਹੋਏਗਾ। ਅਮਰੀਕੀ ਬਰਤਾਨਵੀ ਤੇ ਹੋਰ ਸਾਮਰਾਜਵਾਦੀਆਂ ਦੀਆਂ ਲਾਬੀਆਂ ਸੱਤਾ-ਖੁੱਸਣ ਕਾਰਣ ਅੱਜ ਇੰਦਰਾ ਸਰਕਾਰ ਨਾਲ ਖੁੱਲ੍ਹਾ ਸੰਘਰਸ਼ ਕਰਨ ਲਈ ਮਜਬੂਰ ਹਨ। ਸੱਤਾ ਤੇ ਕਾਬਜ਼ ਲੁਟੇਰਿਆਂ ਨੂੰ ਨਿਖੇੜਨਾ, ਉਨ੍ਹਾਂ ਤੇ ਹਮਲਾ ਕੇਂਦਰਿਤ ਕਰਨਾ ਅਤੇ ਅੰਤ ਵਿਚ ਉਨ੍ਹਾਂ ਨੂੰ ਪੂਰੀ ਤਰ੍ਹਾਂ ਪੁੱਟ ਸੁਟਣਾ, ਭਾਰਤੀ ਇਨਕਲਾਬ ਦਾ ਮੁਖ ਫਰਜ਼ ਹੈ ਅਤੇ ਇਸੇ ਨਿਸ਼ਾਨੇ ਨੂੰ ਪੂਰਾ ਕਰਨ ਲਈ ਸਾਡੀ ਪਾਰਟੀ ਦੇਸ਼ ਦੇ ਸਭ ਤੋਂ ਮੁੱਖ ਦੁਸ਼ਮਣ ਤੇ ਆਪਣਾ ਹਮਲਾ ਕੇਂਦਰਿਤ ਕਰ ਰਹੀ ਹੈ ਅਤੇ ਇਸੇ ਨਿਸ਼ਾਨੇ ਨੂੰ ਪੂਰਾ ਕਰਨ ਲਈ ਸਾਡੀ ਪਾਰਟੀ ਸੱਤਾ ਤੇ ਕਾਬਜ਼ ਲੋਟੂਆਂ ਤੇ ਸੱਤਾ ਖੁਹਾ ਚੁਕੇ ਲੋਟੂਆਂ ਵਿਚ ਫਰਕ ਕਰਦੀ ਹੈ ਮਾਰਕਸਵਾਦ ਲੈਨਿਨਵਾਦ ਨੇ ਸਾਨੂੰ ਇਹੋ ਹੀ ਸਿਖਾਇਆ ਹੈ ਅਤੇ ਕੌਮਾਂਤਰੀ ਤੇ ਆਪਣੇ ਦੇਸ਼ ਦੇ ਕਮਿਊਨਿਸਟ ਅੰਦੋਲਨਾਂ ਤੋਂ ਅਸੀਂ ਇਹੋ ਹੀ ਸਿਖਿਆ ਹੈ। ਅਸੀਂ ਬਗੈਰ ਕਿਸੇ ਹਿਚਕਵਾਦ ਦੇ ਇਸ ਨੀਤੀ ਤੇ ਦ੍ਰਿੜਤਾ ਨਾਲ ਕਾਇਮ ਰਹਾਂਗੇ।

ਹੁਣ ਦੂਸਰੇ ਪਹਿਲੂ ਤੇ ਆਇਆ ਜਾਏ। ਉਹ ਹੈ ਅੰਦੋਲਨ ਕਿਨ੍ਹਾਂ ਸਵਾਲਾਂ ਤੇ ਚਲ ਰਿਹਾ ਹੈ ਅਤੇ ਉਸਦੀ ਮਹੱਤਤਾ ਕੀ ਹੈ। ਥੋੜ੍ਹੀ ਜਿੰਨੀ ਅਕਲ ਰੱਖਣ ਵਾਲਾ ਵੀ ਇਹ ਸਮਝਦਾ ਹੈ ਕਿ ਮੌਜੂਦਾ ਅੰਦੋਲਨ ਦਾ ਨਿਸ਼ਾਨਾ ਢਾਂਚੇ ਨੂੰ ਕਾਇਮ ਰੱਖਣ ਅਤੇ ਕੁਛ ਸਹੂਲਤਾਂ ਨੂੰ ਪ੍ਰਾਪਤ ਕਰ ਲੈਣ ਤਕ ਸੀਮਤ ਨਹੀਂ ਹੈ, ਉਹ ਐਸੇ ਸਵਾਲਾਂ ਨੂੰ ਲੈਕੇ ਚਲ ਰਿਹਾ ਹੈ ਜੋ ਮੌਜੂਦਾ ਢਾਂਚੇ ਤੇ ਮੌਜੂਦਾ ਸੱਤਾ ਨੂੰ ਬਦਲਨ ਨਾਲ ਹੀ ਹਲ ਹੋਣਗੇ। ਭ੍ਰਿਸ਼ਟਾਚਾਰ, ਮਹਿੰਗਾਈ, ਬੇ-ਰੁਜ਼ਗਾਰੀ, ਜ਼ਖੀਰੇਬਾਜ਼ੀ, ਚੋਰ ਬਜ਼ਾਰੀ, ਰਿਸ਼ਵਤ ਖੋਰੀ ਅਤੇ ਲੋਕ-ਵਿਰੋਧੀ ਸਿਖਿਆ ਪ੍ਰਣਾਲੀ ਦੇ ਖਿਲਾਫ, ਭ੍ਰਿਸ਼ਟਾਚਾਰ ਤੇ ਬੋਗਸ ਵੋਟਾਂ ਤੇ ਆਧਾਰਿਤ ਸੰਸਦ, ਅਸੈਂਬਲੀਆਂ ਤੇ ਸਰਕਾਰਾਂ ਨੂੰ ਤੋੜਨ ਲਈ ਜੋ ਜਨ-ਅੰਦੋਲਨ ਛਿੜਿਆ ਹੋਇਆ ਹੈ, ਉਹ ਸੁਭਾਵਿਕ ਰੂਪ ਵਿਚ ਮੌਜੂਦਾ ਢਾਂਚੇ ਨੂੰ ਬਦਲਣ ਦੀ ਦਿਸ਼ਾ ਵਿਚ ਅਗੇ ਵਧੇਗਾ। ਇਸ ਦਾ ਕਾਰਨ ਇਹ ਹੈ ਕਿ ਉਪਰਲੀਆਂ ਬੀਮਾਰੀਆਂ ਮੌਜੂਦਾ ਢਾਂਚੇ ਦੀ ਉਪਜ ਹਨ ਅਤੇ ਉਹਨਾਂ ਦਾ ਨਾਸ ਇਸ ਢਾਂਚੇ ਦੇ ਨਾਸ ਨਾਲ ਅਨਿਖੜਵੇਂ ਰੂਪ ਵਿਚ ਜੁੜਿਆ ਹੋਇਆ ਹੈ। ਸਾਡੀ ਪਾਰਟੀ ਨੇ ਮੌਜੂਦਾ ਘੋਲ ਦੀ ਜੋ ਦ੍ਰਿੜ੍ਹ ਹਮਾਇਤ ਕੀਤੀ ਹੈ, ਉਸ ਦੀ ਇਕ ਵਜ੍ਹਾ ਇਹ ਹੈ ਅਤੇ ਫਿਰ ਤੀਸਰੇ ਪਹਿਲੂ ਤੇ ਆਇਆ ਜਾਏ, ਉਹ ਹੈ ਅੰਦੋਲਨ ਦੀ ਲੀਡਰਸ਼ਿਪ ਨਾਲ ਜੁੜਿਆ ਸਵਾਲ।

ਇਹ ਸੱਚ ਹੈ ਕਿ ਜਨਸੰਘ ਤੇ ਸੰਗਠਨ ਕਾਂਗਰਸ ਲੁਟੇਰੀਆਂ ਜਮਾਤਾਂ ਦੀਆਂ ਸਿਆਸੀ ਜਥੇਬੰਦੀਆਂ ਹਨ ਅਤੇ ਉਹ ਇਸ ਅੰਦੋਲਨ ਦੇ ਜ਼ਰੀਏ ਆਪਣੇ ਹੱਥਾਂ ਵਿਚ ਸੱਤਾ ਦੀ ਵਾਗ ਡੋਰ ਸਾਂਭਣਾ ਚਾਹੁੰਦੀਆਂ ਹਨ। ਪਰ ਹਾਲਤ ਦਾ ਇਹ ਇਕ ਪੱਖ ਹੈ। ਦੂਸਰਾ ਪੱਖ ਇਹ ਹੈ ਕਿ ਅੱਜ ਤੇ ਹੁਣੇ ਇਹ ਪਾਰਟੀਆਂ ਰਾਜ ਤੇ ਕਾਬਜ਼ ਨਹੀਂ ਹਨ। ਇਸ ਲਈ ਜਨ ਸੰਘ ਤੇ ਸੰਗਠਨ ਕਾਂਗਰਸ ਦਾ ਹਊਆ ਖੜਾ ਕਰ ਕੇ ਮੌਜੂਦਾ ਰਾਜ ਤੇ ਕਾਬਜ ਹਾਕਮਾਂ ਤੇ ਪਰਦਾ ਪਾਉਣਾ, ਪਰਤੱਖ ਰੂਪ 'ਚ, ਸੱਤਾ ਦੀ ਚੌਂਕੀਦਾਰੀ ਕਰਨੀ ਹੈ। ਸੋਧਵਾਦ ਆਪਣੀ ਰਵੈਤੀ ਬੇਸ਼ਰਮੀ ਦੀ ਹੱਦ ਪਾਰ ਕਰ ਗਿਆ ਹੈ। ਉਹ ਆਉਣ ਵਾਲੇ ਕੱਲ ਦੇ ਸੰਭਾਵਿਤ ਖਤਰੇ ਨਾਲ ਲੜਨ ਦੇ ਨਾਂ ਤੇ ਅੱਜ ਦੇ ਜ਼ਾਲਮਾਂ ਦੀ ਗੋਦ ਵਿਚ ਬੈਠ ਗਿਆ ਹੈ। ਇਹ ਸੱਚ ਹੈ ਕਿ ਅੰਦੋਲਨ 'ਚ ਜਨਸੰਘ ਤੇ ਸੰਗਠਨ ਵੀ ਸ਼ਰੀਕ ਹਨ। ਪਰ ਕੀ ਮਾਰਕਸਵਾਦੀ ਕਮਿਊਨਿਸਟ ਪਾਰਟੀ, ਸੋਸ਼ਲਿਸਟ ਪਾਰਟੀ, ਸੰਯੁਕਤ ਸੋਸ਼ਲਿਸਟ ਪਾਰਟੀ—ਇਹ ਸਾਰੀਆਂ ਸੱਜੇ-ਪੱਖੀ ਪਿਛਾਂਹ-ਖਿਚੂ ਪਾਰਟੀਆਂ ਹਨ? ਕੀ ਜਿੰਨਾ 8 ਪਾਰਟੀਆਂ ਦੇ ਨਾਲ ਸੀ. ਪੀ. ਆਈ. ਨੇ ਸਾਂਝਾ ਅੰਦੋਲਨ ਕਰਨ ਦਾ ਫੈਸਲਾ ਲਿਆ ਹੈ, ਉਹ ਪਾਰਟੀਆਂ ਵੀ ਸੱਜੇ ਪੱਖੀ ਪਿਛਾਂਹ-ਖਿਚੂ ਪਾਰਟੀਆਂ ਹਨ? ਕੀ ਹੁਣ ਸਾਰੇ ਦੇਸ਼ ਵਿਚ ਦੋ ਹੀ ਇਨਕਲਾਬੀ ਤੇ ਖੱਬੇ-ਪੱਖੀ ਪਾਰਟੀਆਂ ਬਾਕੀ ਰਹਿ ਗਈਆਂ ਹਨ, ਇੰਦਰਾ ਕਾਂਗਰਸ ਅਤੇ ਸੀ. ਪੀ. ਆਈ?

ਅਸੀਂ ਜਾਣਦੇ ਹਾਂ ਕਿ ਭਾਰਤੀ ਸਮਾਜਕ-ਢਾਂਚਾ ਅੱਜ ਗੰਭੀਰ ਸੰਕਟ ਵਿਚ, 'ਸਥਾਈ-ਅਸਥਿਰਤਾ' ਦੇ ਸੰਕਟ ਵਿਚ ਡਾਂਵਾਡੋਲ ਹੋ ਰਿਹਾ ਹੈ। ਅੱਜ ਭਾਰਤੀ ਸਮਾਜ ਦੇ ਸਾਰੇ ਮੁੱਖ ਅੰਤਰ ਵਿਰੋਧ ਬਹੁਤ ਤਿੱਖੇ ਹੋ ਗਏ ਹਨ। ਇਸ ਲਈ ਢਾਂਚੇ ਦੇ ਖ਼ਿਲਾਫ਼ ਫੁੱਟਣ ਵਾਲੇ ਹਰੇਕ ਸੰਘਰਸ਼ ਨੂੰ ਸਾਰੀਆਂ ਜਮਾਤਾਂ ਤੇ ਉਨ੍ਹਾਂ ਦੀਆਂ ਪਾਰਟੀਆਂ ਆਪਣੇ ਹਿੱਤਾਂ ਲਈ ਇਸਤੇਮਾਲ ਕਰਨਾ ਚਾਹੁਣਗੀਆਂ ਅਤੇ ਏਸੇ ਲਈ ਉਹ ਇਸ ਤਰ੍ਹਾਂ ਦੇ ਅੰਦੋਲਨਾਂ ਤੇ ਆਪਣੇ ਵਿਚਾਰ ਲਾਗੂ ਕਰਨਾ ਚਾਹੁਣਗੇ, ਉਹ ਅਗਵਾਈ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈਣੀ ਚਾਹੁੰਣਗੇ। ਸਰਵਹਾਰਾ ਮੇਹਨਤਕਸ਼ ਜਮਾਤ ਤੇ ਉਸਦੀ ਪਾਰਟੀ ਵੀ ਇਸ ਤਰ੍ਹਾਂ ਦੀ ਕੋਸ਼ਿਸ਼ ਕਰੇਗੀ। ਕੌਣ ਜਿੱਤੇਗਾ ਅਤੇ ਕੌਣ ਹਾਰੇਗਾ—ਇਸਦਾ ਫੈਸਲਾ ਇਸ ਗੱਲ ਨਾਲ ਨਹੀਂ ਹੋਏਗਾ ਕਿ ਅੱਜ ਭਾਰੂ ਕੌਣ ਹੈ, ਬਲਕਿ ਇਸ ਗੱਲ ਨਾਲ ਹੋਏਗਾ ਕਿ ਕੌਣ ਵਿਆਪਕ ਜਨ-ਸਮੂਹ ਦੇ ਹਿੱਤਾਂ ਦੀ ਨੁਮਾਇੰਦਗੀ ਕਰਦਾ ਹੈ, ਕੌਣ ਜਨਤਾ ਦੀ ਸੱਚੀ ਲੋਕ-ਸ਼ਾਹੀ ਸਥਾਪਤ ਕਰਨ ਦਾ ਪ੍ਰੋਗਰਾਮ ਰਖਦਾ ਹੈ ਅਤੇ ਕੌਣ ਲੜਾਈ ਨੂੰ ਅਖੀਰ ਤਕ ਜਾਰੀ ਰਖੇਗਾ। ਅੱਜ ਸਾਡੀ ਪਾਰਟੀ ਦੀ ਤਾਕਤ ਭਾਵੇਂ ਘੱਟ ਹੀ ਹੋਵੇ, ਸਾਡਾ ਸਮਰਥਨ ਭਾਵੇਂ ਕਮਜ਼ੋਰ ਹੀ ਹੋਵੇ, ਪਰ ਅਸੀਂ ਸਹੀ ਅਤੇ ਵਿਗਿਆਨਕ ਵਿਚਾਰ ਧਾਰਾ ਨਾਲ ਲੈਸ ਹਾਂ, ਅਸੀਂ ਕਾਗਜ਼ੀ ਨਹੀਂ, ਅਮਲੀ ਇਨਕਲਾਬੀ ਹਾਂ, ਇਸ ਲਈ ਸਾਡੀ ਜਿੱਤ ਪੂਰਨ ਯਕੀਨੀ ਹੈ। ਅਸੀਂ ਸਵੇਰੇ ਦਾ ਸੂਰਜ ਹਾਂ ਅਤੇ ਸਰਮਾਏਦਾਰੀ ਪਾਰਟੀਆਂ ਸ਼ਾਮ ਦਾ ਸੂਰਜ ਹਨ। ਸਾਡਾ ਲਗਾਤਾਰ ਵਿਕਾਸ ਹੋਏਗਾ ਅਤੇ ਉਨ੍ਹਾਂ ਦਾ ਲਗਾਤਾਰ ਪਤਨ ਹੋਏਗਾ।

ਸੀ. ਪੀ. ਆਈ. ਅਸੈਂਬਲੀ ਤੋੜਨ ਦੀ ਮੰਗ ਨੂੰ ਤਾਨਾਸ਼ਾਹੀ ਤੇ ਫਾਸ਼ਿਜ਼ਮ ਦਾ ਨਾਂ ਦਿੰਦਾ ਹੈ ਅਤੇ 'ਜਮਹੂਰੀਅਤ ਬਚਾਓ' ਦੀ ਚੀਖ-ਪੁਕਾਰ ਕਰ ਰਿਹਾ ਹੈ। ਕੀ ਭਰਿਸ਼ਟਾਚਾਰ ਅਤੇ ਬੋਗਸ ਵੋਟਾਂ ਤੇ ਅਧਾਰਿਤ ਸੰਸਦ, ਅਸੈਂਬਲੀਆਂ ਅਤੇ ਸਰਕਾਰਾਂ ਜਮਹੂਰੀ ਹਨ? ਫੌਜ, ਗੁੰਡਿਆਂ, ਪ੍ਰਬੰਧਕੀ ਦਖਲਅੰਦਾਜ਼ੀ ਅਤੇ ਕਾਲੇ ਧੰਨ ਦੇ ਆਧਾਰ ਤੇ ਚੋਣਾਂ ਵਿਚ ਜੋ ਕੁਝ ਹੋ ਰਿਹਾ ਹੈ ਉਸ ਨੂੰ ਜਮਹੂਰੀਅਤ ਕਹੋਗੇ? ਇਹ ਕੈਸੀ ਜਮਹੂਰੀਅਤ ਹੈ ਜਿਸ ਵਿਚ ਦੇਸ਼ ਅਤੇ ਜਨਤਾ ਨੂੰ ਲੁੱਟਣ ਲਈ ਵਿਦੇਸ਼ੀ ਆਜ਼ਾਦ ਹਨ? ਇਹ ਕਿਸ ਤਰ੍ਹਾਂ ਦੀ ਜਮਹੂਰੀਅਤ ਹੈ ਜਿਸ ਵਿਚ 20 ਪ੍ਰਤੀਸ਼ਤ ਜਗੀਰਦਾਰ 80 ਪ੍ਰਤੀਸ਼ਤ ਜ਼ਮੀਨ ਦੇ ਮਾਲਕ ਹਨ? ਇਹ ਕਿਸ ਤਰ੍ਹਾਂ ਦੀ ਜਮਹੂਰੀਅਤ ਹੈ ਜਿਥੇ 60 ਪ੍ਰਤੀਸ਼ਤ ਲੋਕ ਭੁਖਮਰੀ ਦੀ ਹਾਲਤ ਵਿਚ ਦਮ ਤੋੜ ਰਹੇ ਹਨ? ਕੀ ਲਾਠੀ, ਗੋਲੀ, ਕਰਫਿਊ ਤੇ ਕੈਦ ਦੇ ਮਾਹੌਲ ਵਿਚ ਹੀ ਜਮਹੂਰੀਅਤ ਵਧਦੀ-ਫੁਲਦੀ ਹੈ? ਕੀ ਨਿਆਂ ਪਾਲਕਾ ਦੀ ਰਸਮੀ ਆਜ਼ਾਦੀ ਨੂੰ ਵੀ ਖੋਹ ਨਹੀਂ ਲਿਆ ਗਿਆ? ਕੀ ਸੈਨਾ ਵਿਚ ਆਪਣੇ ਗੁਰਗਿਆਂ ਨੂੰ ਅਗਵਾਈ 'ਚ ਬੈਠਾਣ ਲਈ ਸਾਰੇ ਨਿਯਮਾਂ ਨੂੰ ਛਿੱਕੇ ਤੇ ਨਹੀਂ ਟੰਗ ਦਿਤਾ ਗਿਆ? ਅੱਜ ਵੀ ਸਾਡੀ ਪਾਰਟੀ ਨਾਲ ਸੰਬੰਧਿਤ 32,000 ਲੋਕ ਜੇਲ੍ਹਾਂ ਵਿਚ ਨਰਕਾਂ ਵਾਲੀ ਜ਼ਿੰਦਗੀ ਜੀਣ ਲਈ ਮਜਬੂਰ ਹਨ। 5,000 ਤੋਂ ਵੀ ਵੱਧ ਸਾਡੇ ਨੇਤਾਵਾਂ, ਕੇਡਰਾਂ ਅਤੇ ਹਮਦਰਦਾਂ ਨੂੰ, ਪੁਲੀਸ ਤੇ ਸੈਨਾ ਨੇ "ਮੁਕਾਬਲਿਆਂ" ਦੇ ਨਾਂ ਤੇ ਮਾਰ ਦਿਤਾ ਹੈ ਅਤੇ ਹਜ਼ਾਰਾਂ ਦੇ ਖਿਲਾਫ ਵਾਰੰਟ ਅਤੇ ਇਨਾਮਾਂ ਦੀ ਘੋਸ਼ਣਾ ਹੋ ਚੁਕੀ ਹੈ। ਅੱਜ ਮਜ਼ਦੂਰ ਹੋਵੇ ਜਾਂ ਕਿਸਾਨ, ਬੁਧੀ ਜੀਵੀ ਹੋਵੇ ਜਾਂ ਵਿਪਾਰੀ, ਸਾਰੇ ਇੰਦਰਾਸ਼ਾਹੀ ਦੇ ਫੌਲਾਦੀ ਪੰਜੇ ਦੀ ਸੱਟ ਖਾ ਰਹੇ ਹਨ।

ਦੇਸ਼ ਦੇ ਅਨੇਕ ਹਿੱਸਿਆਂ ਵਿਚ ਬੀ. ਐਸ. ਐਫ ਅਤੇ ਸੀ. ਆਰ. ਪੀ. ਹਿਟਲਰੀ ਜ਼ੁਲਮ ਦੇ ਰਿਕਾਰਡ ਤੋੜ ਰਹੀਆਂ ਹਨ-ਅਤੇ ਪਿੱਛੇ ਜਿਹੇ ਰੇਲਵੇ ਕਰਮਚਾਰੀਆਂ ਦੇ ਆਗੂਆਂ ਨੂੰ ਸਮਝੌਤੇ ਲਈ ਗਲਬਾਤ ਦੇ ਦੌਰ ਵਿਚ ਵਿਚ ਅਚਾਨਕ ਹੀ ਗ੍ਰਿਫਤਾਰ ਕਰ ਲਿਆ ਗਿਆ। ਅਤੇ ਇਸੇ 'ਜਮਹੂਰੀਅਤ' ਨੂੰ ਬਚਾਉਣ ਲਈ ਸੀ. ਪੀ. ਆਈ ਆਪਣਾ ਅੱਡੀ-ਚੋਟੀ ਦਾ ਜ਼ੋਰ ਲਗਾ ਰਿਹਾ ਹੈ। ਜ਼ਾਹਿਰ ਹੈ ਕਿ ਇਨ੍ਹਾਂ ਭਲੇ ਮਾਣਸਾਂ ਲਈ ਜਮਹੂਰੀਅਤ ਅਤੇ ਫਾਸ਼ਿਜ਼ਮ ਦਾ ਕੋਈ ਦੂਜਾ ਹੀ ਮਤਲਬ ਹੈ। ਜਿਥੋਂ ਤਕ ਸਾਡਾ ਸਵਾਲ ਹੈ, ਅਸੀਂ ਇਸ ਨਕਲੀ ਬੋਗਸ ਜਮਹੂਰੀਅਤ ਨੂੰ ਵਗਾਹ ਮਾਰਨਾ ਚਾਹੁੰਦੇ ਹਾਂ। ਅੱਜ 27 ਸਾਲਾਂ ਦੇ ਕੌੜੇ ਤਜਰਬੇ ਨੇ ਜਨਤਾ ਨੂੰ ਇਹ ਸਿਖਿਆ ਦੇ ਦਿਤੀ ਹੈ ਕਿ ਰਾਖਸ਼ ਰਾਮਨਾਮੀ ਪਾ ਲੈਣ ਨਾਲ ਵੀ ਰਾਖਸ਼ ਹੀ ਰਹਿੰਦਾ ਹੈ ਅਤੇ ਫਾਸ਼ਿਜ਼ਮ ਬਾਲਗ ਵੋਟ ਅਧਿਕਾਰ ਦੀ ਖੱਲ ਪਾ ਕੇ ਵੀ ਫਾਸ਼ਿਜ਼ਮ ਹੀ ਰਹਿੰਦਾ ਹੈ। ਭਾਰਤੀ ਜਨਤਾ ਨੇ 27 ਸਾਲਾਂ ਤਕ ਆਪਣਾ ਖੂਨ ਵਹਾਕੇ ਇਹ ਸਿਖਿਆ ਹਾਸਲ ਕੀਤੀ ਹੈ ਕਿ ਮੌਜੂਦਾ ਲੋਕ ਸਭਾ ਤੇ ਵਿਧਾਨ ਸਭਾ ਦੇ ਜ਼ਰੀਏ ਉਨ੍ਹਾਂ ਦੀ ਸਮੱਸਿਆਵਾਂ ਦਾ ਹਲ ਅਸੰਭਵ ਹੈ। ਕਾਂਗਰਸੀ ਮੰਤਰੀ ਮੰਡਲ ਬਦਲਨ ਨਾਲ ਜਾਂ ਸੰਯੁਕਤ ਪਾਰਟੀਆਂ ਦੇ ਮੰਤਰੀ ਮੰਡਲਾਂ ਦੇ ਆਉਣ ਜਾਂ ਜਾਣ ਨਾਲ ਜਨ-ਜੀਵਨ ਵਿਚ ਕੋਈ ਸੁਧਾਰ ਨਹੀਂ ਹੁੰਦਾ ਤੇ ਨਾ ਹੀ ਕੋਈ ਫਰਕ ਪੈਂਦਾ ਹੈ। ਮੌਜੂਦਾ ਸਮਾਜ ਵਿਚ ਲੋਕ ਸਭਾ ਤੇ ਵਿਧਾਨ ਸਭਾ ਲੁਟ ਕਰਨ ਦੀਆਂ ਹੀ ਮਸ਼ੀਨਾਂ ਹਨ ਅਤੇ ਇਨ੍ਹਾਂ ਦੀ ਵਰਤੋਂ ਲੁਟ ਕਾਇਮ ਰਖਣ ਲਈ ਹੀ ਹੋ ਸਕਦੀ ਹੈ, ਭਾਵੇਂ ਇਸ ਮਸ਼ੀਨ ਨੂੰ ਚਲਾਉਣ ਵਾਲੇ ਮੰਤਰੀ ਮੰਡਲ ਦਾ ਖਾਸਾ ਕੋਈ ਵੀ ਹੋਵੇ। ਮੇਹਨਤਕਸ਼ ਜਨਤਾ ਨੂੰ ਮੌਜੂਦਾ ਸੱਤਾ ਦੀਆਂ ਸਾਰੀਆਂ ਮਸ਼ੀਨਾਂ ਦਾ ਨਾਸ਼ ਕਰਨਾ ਹੋਏਗਾ ਅਤੇ ਨਵੀਆਂ ਮਸ਼ੀਨਾਂ ਦਾ ਨਿਰਮਾਣ ਕਰਨਾ ਹੋਵੇਗਾ। ਅਤੇ ਅੱਜ ਇਸੇ ਕਾਰਣ ਅਸੈਂਬਲੀ ਨੂੰ ਤੋੜਨ ਦੀ ਮੰਗ ਜਨਤਾ ਕਰ ਰਹੀ ਹੈ। ਕੱਲ ਉਹ ਸੰਸਦ ਤੋੜਨ ਲਈ ਸੰਘਰਸ਼ ਕਰੇਗੀ ਅਤੇ ਪਰਸੋਂ ਉਹ ਚੋਣਾਂ ਦਾ ਬਾਈਕਾਟ ਕਰੇਗੀ ਤੇ ਹਥਿਆਰਾਂ ਦੇ ਜ਼ੋਰ ਨਾਲ ਆਪਣੀ ਰਾਜ ਸੱਤਾ, ਜਨਤਾ ਦੀ ਸੱਚੀ ਲੋਕਸ਼ਾਹੀ ਕਾਇਮ ਕਰੇਗੀ।

ਇਸ ਤਰ੍ਹਾਂ ਅਸੀਂ ਬਿਹਾਰ ਦੇ ਵਿਆਪਕ ਜਨ-ਸਮੂਹ ਨੂੰ, ਮਜ਼ਦੂਰਾਂ, ਕਿਸਾਨਾਂ, ਬੁਧੀ ਜੀਵੀਆਂ ਤੇ ਵਿਉਪਾਰੀਆਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਹਾਕਮ ਕਾਂਗਰਸ ਦੇ ਚਮਨ ਅਤੇ ਗੱਦਾਰ ਡਾਂਗੇ ਗੁਟ ਦੇ ਕੱਪਟੀ ਨਾਹਰਿਆਂ ਦਾ ਡੱਟ ਕੇ ਮੁਕਾਬਲਾ ਕਰਨ, ਇਨਕਲਾਬ ਨੂੰ ਤੇਜ਼ ਕਰਨ ਅਤੇ ਅਗੇ ਵਧਣ। ਮੁੱਖ ਦੁਸ਼ਮਣ, ਤੇ ਮੁਖ ਦੁਸ਼ਮਣ ਦੇ ਮੁਖ ਦਲਾਲਾਂ ਅਤੇ ਵਿਆਪਕ ਜਨ-ਸਮੂਹ ਵਿਚ ਇਕ ਸਪੱਸ਼ਟ ਲੀਕ ਖਿੱਚ ਲੈਣ। ਮੌਜੂਦਾ ਅੰਦੋਲਨ ਨੂੰ ਪੂਰੀ ਤਰ੍ਹਾਂ ਇਨਕਲਾਬ ਨਾਲ ਜੋੜਨ ਲਈ ਇਹ ਪਹਿਲੀ ਸ਼ਰਤ ਹੈ।

ਅੱਜ ਸਾਡਾ ਦੇਸ਼ ਇਕ ਅਨੂਠੀ ਇਨਕਲਾਬੀ ਹਾਲਤ ਵਿਚੋਂ ਲੰਘ ਰਿਹਾ ਹੈ। ਦੇਸ਼ ਦੇ ਸਾਰਿਆਂ ਹਿੱਸਿਆਂ ਵਿਚ ਫੁੱਟਣ ਵਾਲੇ ਬੰਦ, ਆਮ ਹੜਤਾਲਾਂ, ਸਾਰੇ ਉਦਯੋਗਾਂ ਵਿਚ ਮੇਹਨਤ ਕਸ਼ ਜਨਤਾ ਅਤੇ ਮਜ਼ਦੂਰਾਂ ਦੀਆਂ ਲੰਮੀਆਂ ਚਲਣ ਵਾਲੀਆਂ ਹੜਤਾਲਾਂ, ਜ਼ਮੀਨ ਅਤੇ ਫਸਲ ਲਈ ਕਿਸਾਨਾਂ ਦੇ ਜੁਝਾਰੂ ਘੋਲ, ਦਮਨ ਤੇ ਜ਼ੁਲਮ ਦੇ ਖਿਲਾਫ ਸ਼ਹਿਰੀ ਆਜ਼ਾਦੀ ਲਈ ਘੋਲ ਆਦਿ ਦੇਸ਼ ਦੇ ਕਈ ਹਿੱਸਿਆਂ ਵਿਚ ਚਲਣ ਵਾਲੇ ਹਥਿਆਰਬੰਦ ਘੋਲ ਨੂੰ ਤਾਕਤ ਦੇ ਰਹੇ ਹਨ। ਹਾਕਮ ਜਮਾਤ ਵਿਚ ਫੁੱਟ ਪੈ ਚੁੱਕੀ ਹੈ ਅਤੇ ਉਹ ਇਕ ਦੂਜੇ ਦੀ ਧੌਣ ਲਾਹੁਣ ਲਈ ਤਿਆਰ ਹਨ। ਫੌਜੀਆਂ ਵਿਚ ਜ਼ਬਰਦਸਤ ਬੇਚੈਨੀ ਫੈਲ ਰਹੀ ਹੈ, ਅਤੇ ਉਨ੍ਹਾਂ ਵਿਚ ਬਗਾਵਤ ਦੀ ਅੱਗ ਸੁਗਲ ਰਹੀ ਹੈ ਜਿਸ ਤਰ੍ਹਾਂ ਯੂ. ਪੀ. ਦੀ ਪੀ. ਏ. ਸੀ ਦੀ ਬਗਾਵਤ ਵਿਚ ਦੇਖਿਆ ਗਿਆ।

ਕੁਝ ਦਿਨ ਪਹਿਲੇ ਦਿਖਾਈ ਦੇਣ ਵਾਲੀ 'ਇੰਦਰਾ ਲਹਿਰ' ਹੁਣ ਇੰਦਰਾ ਦੇ ਵਿਰੁਧ 'ਜਨਤਾ ਦੀ ਲਹਿਰ' ਵਿਚ ਬਦਲ ਗਈ ਹੈ ਅਤੇ ਜਨ-ਵਿਦਰੋਹ ਦਾ ਭੂਤ ਹਾਕਮ ਕਾਂਗਰਸ ਦਾ ਲਗਾਤਾਰ ਪਿੱਛਾ ਕਰ ਰਿਹਾ ਹੈ। ਅੱਜ ਪਾਰਟੀਆਂ ਟੁੱਟ ਰਹੀਆਂ ਹਨ ਅਤੇ ਬਣ ਰਹੀਆਂ ਹਨ। ਮੋਰਚੇ ਟੁੱਟ ਰਹੇ ਹਨ ਅਤੇ ਬਣ ਰਹੇ ਹਨ। ਇਨਕਲਾਬੀ ਹਾਲਤ ਨੇ ਸਾਰੀਆਂ ਜਮਾਤਾਂ ਅਤੇ ਪਾਰਟੀਆਂ ਨੂੰ, ਗਰੁਪਾਂ ਅਤੇ ਵਿਅਕਤੀਆਂ ਨੂੰ ਇਕ ਜ਼ਬਰਦਸਤ ਅਗਨੀ-ਪ੍ਰੀਖਿਆ ਵਿਚ ਪਾ ਦਿਤਾ ਹੈ। ਇਕ ਮਹਾਨ ਉਥਲ-ਪੁਥਲ ਹੋ ਰਹੀ ਹੈ। ਜਮਾਤੀ-ਹਿੱਤਾਂ ਦੀ ਬੁਨਿਆਦ ਤੇ ਵੱਖ-ਵੱਖ ਤਾਕਤਾਂ ਤੇਜ਼ੀ ਨਾਲ ਆਪਣੇ ਆਪ ਨੂੰ ਸੰਭਾਲਣ ਚ ਰੁਝੀਆਂ ਹਨ, ਤਾਂ ਕਿ ਮੌਜੂਦਾ ਤੂਫਾਨ ਵਿਚ ਆਪਣੇ ਹਿੱਤਾਂ ਦੀ ਰਾਖੀ ਕਰ ਸਕਣ। ਇਨਕਲਾਬੀ ਤਾਕਤਾਂ ਅੱਜ ਚੁਪ ਨਹੀਂ ਬੈਠ ਸਕਦੀਆਂ। ਉਹਨਾਂ ਨੂੰ, ਜਨ-ਸਮੂਹ ਨੂੰ ਸਹੀ ਰਾਹ ਤੇ ਲਾਮਬੰਦ ਕਰਨਾ ਪਏਗਾ। ਸਾਡੇ ਦੇਸ਼ ਦੀ ਜਨਤਾ ਨੂੰ ਵੱਖ ਵੱਖ ਮੁਕਤੀ ਦਾਇਆਂ ਦੇ ਦਰਸ਼ਨ ਹੋਏ ਹਨ॥

ਸਦੀਆਂ ਤੋਂ ਅਨੇਕ ਮੱਕਾਰ ਨੇਤਾਵਾਂ ਨੇ ਉਸ ਨੂੰ ਆਪਣੇ ਅਜੀਬ-ਗਰੀਬ ਤਜਰਬਿਆਂ ਦਾ ਸਾਧਨ ਬਣਾਇਆ ਹੈ। ਪਰ ਹਰ ਵਾਰ, ਅੱਜ ਤਕ ਇਹੋ ਹੀ ਹੋਇਆ ਹੈ ਕਿ ਇਕ ਤਰ੍ਹਾਂ ਦੇ ਲੋਟੂਆਂ ਦੀ ਥਾਂ ਦੂਸਰੇ ਤਰ੍ਹਾਂ ਦੇ ਲੋਟੂਆਂ ਨੇ ਲੈ ਲਈ ਹੈ ਅਤੇ ਭਾਰਤੀ ਜਨਤਾ ਅੱਜ ਤਕ ਮੁਕਤ ਨਹੀਂ ਹੋ ਸਕੀ।

ਇਸ ਦਾ ਮੂਲ ਕਾਰਣ ਇਹ ਰਿਹਾ ਹੈ ਕਿ ਅਸੀਂ ਵਿਗਿਆਨਕ ਸਿਧਾਂਤ ਨੂੰ ਆਪਣਾ ਮਾਰਗ ਦਰਸ਼ਨ ਨਹੀਂ ਬਣਾਇਆ, ਸਗੋਂ ਧਰਮ, ਅੰਧ-ਵਿਸ਼ਵਾਸ਼ ਤੇ ਜਜ਼ਬਾਤੀ ਖੁਸ਼-ਫਹਿਮੀਆਂ ਵਾਲੇ ਸਿਧਾਂਤ ਦੇ ਪਿਛੇ ਦੌੜਦੇ ਹਾਂ। ਅੱਜ ਵੀ, ਜਦ ਬਿਹਾਰ ਤੇ ਦੇਸ ਦੀ ਜਨਤਾ ਮੌਜੂਦਾ ਢਾਂਚੇ ਨੂੰ ਬਦਲ ਦੇਣ ਲਈ ਸੰਘਰਸ਼ ਸ਼ੀਲ ਹੈ ਤਾਂ ਉਹੀ ਧਰਮ, ਅੰਧ-ਵਿਸ਼ਵਾਸ ਤੇ ਜਜ਼ਬਾਤੀ ਖੁਸ਼-ਫਹਿਮੀਆਂ ਇਕ ਵਾਰ ਫਿਰ ਸਾਹਮਣੇ ਆ ਰਹੀਆਂ ਹਨ। ਜੇ ਵਿਆਪਕ ਜਨ-ਸਮੂਹ ਨੇ, ਵਿਦਿਆਰਥੀਆਂ ਅਤੇ ਨੌਜਵਾਨਾਂ ਨੇ ਸਾਇੰਸ ਦੇ ਆਧਾਰ ਤੇ ਇਹ ਤਹਿ ਨਾ ਕੀਤਾ ਕਿ ਅੱਜ ਦੇ ਢਾਂਚੇ ਦੀ ਜਗ੍ਹਾ ਕਿਹੜੇ ਢਾਂਚੇ ਨੇ ਲੈਣੀ ਹੈ ਅਤੇ ਲਵੇਗਾ; ਜੇ ਉਹ ਇਨਕਲਾਬ ਦੇ ਦੋਸਤਾਂ ਤੇ ਦੁਸ਼ਮਣਾਂ ਨੂੰ ਵੰਡਣ ਵਾਲੀ ਲਾਈਨ ਨਹੀਂ ਖਿੱਚ ਸਕੇ ਅਤੇ ਜੇ ਉਹ ਮੁਕਤੀ ਦਾ ਸਹੀ ਰਾਹ ਨਹੀਂ ਨਿਰਧਾਰਿਤ ਕਰ ਸਕੇ ਤਾਂ ਇਕ ਵਾਰ ਫਿਰ ਦੇਸ਼ ਤੇ ਜਨਤਾ ਨੂੰ ਦੁੱਖਾਂ ਅਤੇ ਕਸ਼ਟਾਂ ਦੀ ਦਲਦਲ ਵਿਚ ਉਲਝ ਜਾਣਾ ਪਵੇਗਾ।

ਅੱਜ ਜਦੋਂ ਅਸੀਂ ਮੌਜੂਦਾ ਢਾਂਚੇ ਨੂੰ ਗਹਿਰੀ ਨਜ਼ਰ ਨਾਲ ਦੇਖਾਂਗੇ ਤਾਂ ਇਹ ਸਮਝਣ ਵਿਚ ਜ਼ਰਾ ਵੀ ਮੁਸ਼ਕਲ ਨਹੀਂ ਹੋਵੇਗੀ ਕਿ ਭਾਰਤੀ ਜਨਤਾ ਦੀ ਮੌਜੂਦਾ ਬੁਰੀ ਹਾਲਤ ਲਈ ਜ਼ਿੰਮੇਵਾਰ ਹਨ, ਸਾਮਰਾਜਵਾਦ ਤੇ ਜਗੀਰਦਾਰੀ ਦੇਸ਼ ਦਾ ਆਰਥਿਕ ਤੇ ਸਮਾਜਿਕ ਢਾਂਚਾ ਇਨ੍ਹਾਂ ਦੋਹਾਂ ਦੀ ਜਕੜ ਵਿਚ ਜੂੜਿਆ ਹੋਇਆ ਹੈ। ਹੋਰ ਡੂੰਘਿਆਈ ਨਾਲ ਦੇਖੀਏ ਤਾਂ ਇਹ ਸਾਫ ਹੋ ਜਾਏਗਾ ਕਿ ਸਾਮਰਾਜਵਾਦ ਨੇ ਆਪਣੀ ਲੁੱਟ ਆਸਾਨੀ ਨਾਲ ਜਾਰੀ ਰੱਖਣ ਲਈ ਜਿਨ੍ਹਾਂ ਦੇਸੀ ਜਮਾਤਾਂ ਦੇ ਹੱਥ ਸੱਤਾ ਸੌਂਪੀ ਹੈ, ਉਹ ਹਨ ਵਡੇ ਸਰਮਾਏਦਾਰ ਅਤੇ ਵਡੇ ਜਗੀਰਦਾਰ। ਇਹ ਦੋਵੇਂ ਹੀ ਸਾਮਰਾਜਵਾਦ ਦੇ ਦਲਾਲ ਹਨ ਤੇ ਉਸਦੇ ਸਮਾਜਿਕ ਥੰਮ੍ਹ ਹਨ। ਹੁਣ ਹੋਰ ਡੂੰਘਿਆਈ ਨਾਲ ਦੇਖਾਂਗੇ ਤਾਂ ਪਤਾ ਲਗੇਗਾ ਕਿ ਸਾਮਰਾਜਵਾਦੀਆਂ ਦੀ ਕਤਾਰ ਵਿਚ ਜੋ ਪਰਮੁੱਖ ਲੁਟੇਰੇ ਸਾਡੇ ਦੇਸ਼ ਦਾ ਖੂਨ ਚੂਸ ਰਹੇ ਹਨ, ਉਹ ਹਨ ਸੋਵੀਅਤ ਸਮਾਜਕ ਸਾਮਰਾਜਵਾਦ ਅਤੇ ਅਮਰੀਕੀ ਸਾਮਰਾਜਵਾਦ।

ਇਸ ਲਈ ਵਿਗਿਆਨਕ ਦ੍ਰਿਸ਼ਟੀ ਨਾਲ ਦੇਖਣ ਤੇ ਸਾਡੇ ਇਨਕਲਾਬ ਦੇ ਚਾਰ ਮੁਖ ਦੁਸ਼ਮਣ ਬਣਦੇ ਹਨ— ਸੋਵੀਅਤ ਸਮਾਜਿਕ ਸਾਮਰਾਜਵਾਦ, ਅਮਰੀਕੀ ਸਾਮਰਾਜਵਾਦ, ਸਾਮਰਾਜਵਾਦ ਸ਼ਾਹੀ, ਸਰਮਾਏਦਾਰੀ ਅਤੇ ਜਗੀਰਦਾਰੀ। ਸਾਡੇ ਇਨਕਲਾਬ ਦੇ ਹਮਲੇ ਦਾ ਨਿਸ਼ਾਨਾ ਇਨ੍ਹਾਂ ਚਾਰਾਂ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਸੋਵੀਅਤ ਸਮਾਜਿਕ-ਸਾਮਰਾਜਵਾਦ ਅਤੇ ਅਮਰੀਕੀ ਸਾਮਰਾਜਵਾਦ ਵਿਚੋਂ ਸੋਵੀਅਤ ਸਮਾਜਕ-ਸਾਮਰਾਜਵਾਦ ਮੁਖ ਹੈਸੀਅਤ ਰਖਦਾ ਹੈ ਅਤੇ ਇੰਦਰਾਸ਼ਾਹੀ ਉਸੇ ਦੀ ਕਠਪੁਤਲੀ ਹੈ। ਇਸੇ ਲਈ ਅਸੀਂ, ਫੌਰੀ ਇਨ੍ਹਾਂ ਤੇ ਸਭ ਤੋਂ ਵਧ ਸੱਟ ਮਾਰਨੀ ਹੈ।

ਇਨ੍ਹਾਂ ਵਡੇ ਪਹਾੜਾਂ ਨੂੰ ਆਪਣੇ ਮੋਢਿਆਂ ਤੋਂ ਲਾਹ ਸੁੱਟਣ ਲਈ ਸਾਨੂੰ ਬਾਕੀ ਸਾਰੀਆਂ ਜਮਾਤਾਂ ਦਾ ਸੰਯੁਕਤ ਮੋਰਚਾ ਬਨਾਉਣਾ ਪਏਗਾ। ਇਸ ਮੋਰਚੇ ਵਿਚ ਮਜ਼ਦੂਰ, ਕਿਸਾਨ, ਮਧਵਰਗੀ ਬੁੱਧੀ ਜੀਵੀ ਅਤੇ ਕੌਮੀ ਸਰਮਾਏਦਾਰੀ (ਜੋ ਸਾਮਰਾਜਵਾਦ ਦਾ ਵਿਰੋਧ ਕਰਦੀ ਹੈ ਅਤੇ ਦੇਸ਼ ਦਾ ਆਜ਼ਾਦ ਵਿਕਾਸ ਚਾਹੁੰਦੀ ਹੈ) ਜਮਾਤਾਂ ਸ਼ਾਮਲ ਹੋਣਗੀਆਂ। ਸਾਂਝੇ ਮੋਰਚੇ ਦੀ ਅਗਵਾਈ ਮਜ਼ਦੂਰ ਜਮਾਤ ਹੀ ਕਰ ਸਕਦੀ ਹੈ, ਕਿਉਂ ਕਿ ਸਮਾਜ ਵਿਚ ਉਹੀ ਇਕ ਜਮਾਤ ਹੈ ਜੋ ਲੁੱਟ ਰਹਿਤ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੀ ਹੈ। ਉਹੀ ਅਖੀਰ ਤਕ ਇਨਕਲਾਬ ਵਿਚ ਡਟੀ ਰਹਿੰਦੀ ਹੈ। ਮਜ਼ਦੂਰ-ਕਿਸਾਨ ਏਕਤਾ ਹੀ ਇਸ ਸਾਂਝੇ ਮੋਰਚੇ ਦਾ ਨੀਂਹ-ਪੱਥਰ ਬਣ ਸਕਦੀ ਹੈ। ਮੌਜੂਦਾ ਪਿਛਾਂਹ-ਖਿੱਚੂ ਢਾਂਚੇ ਦੀ ਜਗ੍ਹਾ ਤੇ ਨਵ-ਲੋਕ ਜਮਹੂਰੀ ਢਾਂਚੇ ਦੀ ਸਥਾਪਨਾ ਲਈ ਸਾਨੂੰ ਜਨਤਾ ਦੀ ਲੋਕਸ਼ਾਹੀ ਦੀ ਸਥਾਪਨਾ ਕਰਨੀ ਹੋਏਗੀ। ਜਨਤਾ ਦੀ ਲੋਕਸ਼ਾਹੀ ਸਾਰੀਆਂ ਜਮਾਤਾਂ ਲਈ, ਲੋਟੂਆਂ ਅਤੇ ਲੁੱਟੇ ਜਾਂਦਿਆਂ ਲਈ ਬਰਾਬਰ ਰੂਪ 'ਚ ਜਮਹੂਰੀ ਨਹੀਂ ਹੋ ਸਕਦੀ। ਉਹ ਮਜ਼ਦੂਰਾਂ, ਕਿਸਾਨਾਂ, ਮਧਵਰਗੀ ਬੁਧੀ-ਜੀਵੀਆਂ ਅਤੇ ਦੇਸੀ ਸਰਮਾਏਦਾਰਾਂ ਲਈ ਸੱਚੀ ਜਮਹੂਰੀਅਤ ਦੀ ਗਾਰੰਟੀ ਕਰੇਗੀ ਅਤੇ ਦਲਾਲ-ਨੌਕਰਸ਼ਾਹ ਸਰਮਾਏਦਾਰਾਂ ਤੇ ਵਡੇ ਵੱਡੇ ਜਗੀਰਦਾਰਾਂ ਲਈ ਡਿਕਟੇਟਰਸ਼ਿਪ ਸਾਬਿਤ ਹੋਏਗੀ। ਉਹ ੯੦ ਪ੍ਰਤੀਸ਼ਤ ਜਨ-ਸਮੂਹ ਲਈ ਜਮਹੂਰੀਅਤ ਅਤੇ ਦਸ ਪ੍ਰਤੀਸ਼ਤ ਦੁਸ਼ਮਣਾਂ ਲਈ ਤਾਨਾਸ਼ਾਹੀ ਦੀ ਗਾਰੰਟੀ ਕਰੇਗੀ। ਜਨਤਾ ਦੀ ਲੋਕਸ਼ਾਹੀ ਵਿਦੇਸੀ ਪੂੰਜੀ ਅਤੇ ਦਲਾਲ ਪੂੰਜੀ ਨੂੰ ਜ਼ਬਤ ਕਰ ਲਵੇਗੀ, ਉਹ ਜਗੀਰਦਾਰੀ ਨੂੰ ਤੋੜ ਦੇਵੇਗੀ, ਜਗੀਰਦਾਰਾਂ

ਦੀ ਸਾਰੀ ਜ਼ਮੀਨ ਬੇ-ਜ਼ਮੀਨੇ ਅਤੇ ਗਰੀਬ ਕਿਸਾਨਾਂ ਵਿਚ ਵੰਡ ਦੇਵੇਗੀ ਅਤੇ ਜ਼ਮੀਨੀ ਸੁਧਾਰ ਨੂੰ ਪੂਰੀ ਤਰ੍ਹਾਂ ਲਾਗੂ ਕਰੇਗੀ। ਨਵੀਂ ਜਮਹੂਰੀ ਸਿਖਿਆ ਪ੍ਰਣਾਲੀ ਅਤੇ ਅਤੇ ਜਮਹੂਰੀ ਸਭਿਆਚਾਰ ਦਾ ਵਿਕਾਸ ਕਰੇਗੀ, ਅਲੋਕ ਰੱਖਿਆ ਦਾ ਕਠਨ ਤੇ ਲੋਕ ਵਿਰੋਧੀ ਢਾਂਚਾ ਖਤਮ ਕਰ ਦੇਵੇਗੀ, ਤੇ ਇਕ ਆਜ਼ਾਦ ਗੁੱਟ-ਨਿਰਪੱਖ ਤੇ ਸ਼ਾਂਤੀਪੂਰਨ ਵਿਦੇਸ਼ ਨੀਤੀ ਨੂੰ ਲਾਗੂ ਕਰੇਗੀ। ਕੌਮੀ ਆਜ਼ਾਦੀ ਦੇ ਘੋਲਾਂ ਦੀ ਹਿਮਾਇਤ, ਦੋ ਮਹਾਂ-ਸ਼ਕਤੀਆਂ ਦੇ ਖਿਲਾਫ ਘੋਲਾਂ 'ਚ ਯੋਗਦਾਨ, ਗਵਾਂਢੀ ਮੁਲਕਾਂ ਨਾਲ ਤੇ ਤੀਸਰੀ ਦੁਨੀਆਂ ਦੇ ਦੇਸ਼ਾਂ ਨਾਲ ਦੋਸਤੀ ਤੇ ਦੂਸਰੇ ਦੇਸ਼ਾਂ ਨਾਲ ਸ਼ਾਂਤੀ ਪੂਰਣ ਸਹਿ-ਹੋਂਦ ਦੀ ਬੁਨਿਆਦ ਤੇ ਸੰਬੰਧ ਕਾਇਮ ਕਰੇਗੀ। ਇਹ ਜਨਤਾ ਦੀ ਲੋਕ-ਸ਼ਾਹੀ ਦੇਸ਼ ਦਾ ਚੰਗੇਰਾ ਤੇ ਬਹੁ-ਪੱਖੀ ਵਿਕਾਸ ਦਾ ਦਰਵਾਜ਼ਾ ਖੋਲ੍ਹ ਦੇਵੇਗੀ ਅਤੇ ਸਮਾਜਵਾਦ ਵਿਚ ਵਿਕਸਿਤ ਹੋਣ ਲਈ ਭੌਤਿਕ ਅਤੇ ਸਭਿਆਚਾਰਕ ਹਾਲਤਾਂ ਤਿਆਰ ਕਰ ਦੇਵੇਗੀ।

ਲੁੱਟ ਰਹਿਤ, ਜਮਾਤਾਂ ਰਹਿਤ, ਪਾਰਟੀ ਰਹਿਤ ਅਤੇ ਰਾਜ ਰਹਿਤ ਸਮਾਜਕ ਢਾਂਚਾ ਕਾਇਮ ਕਰਨ ਲਈ ਸਾਡੇ ਦੇਸ਼ ਨੂੰ ਇਨ੍ਹਾਂ ਮੰਜ਼ਿਲਾਂ ਵਿਚੋਂ ਲੰਘਣਾ ਪਵੇਗਾ।

ਜਦ ਤਕ ਜਮਾਤਾਂ ਰਹਿਣਗੀਆਂ, ਜਮਾਤੀ-ਘੋਲ ਵੀ ਰਹਿਣਗੇ ਅਤੇ ਜਮਾਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਪਾਰਟੀਆਂ, ਵੀ ਰਹਿਣਗੀਆਂ। ਜਮਾਤਾਂ ਦੇ ਖਾਤਮੇ ਦੇ ਮਗਰੋਂ ਹੀ ਪਾਰਟੀਆਂ ਦਾ ਖਾਤਮਾ ਹੋ ਸਕੇਗਾ। ਅਤੇ ਇਹੋ ਜਿਹੀ ਹਾਲਤ ਸਾਮਵਾਦ ਵਿਚ ਹੀ ਪੈਦਾ ਹੋਏਗੀ। ਜਨਤਾ ਦੀ ਲੋਕਸ਼ਾਹੀ ਕਾਇਮ ਹੋਣ ਦੇ ਬਾਦ ਵੀ, ਸਮਾਜਵਾਦ ਦੇ ਪੂਰੇ ਦੌਰ ਤਕ ਜਮਾਤਾਂ ਰਹਿਣਗੀਆਂ, ਜਮਾਤੀ-ਘੋਲ ਹੋਣਗੇ ਅਤੇ ਪਾਰਟੀਆਂ ਰਹਿਣਗੀਆਂ। ਇਸ ਲਈ ਅਜ 'ਦਲ-ਰਹਿਤ ਜਮਹੂਰੀ-ਅਤਾਂ' ਦੀ ਗਲ ਕਰਨੀ ਵਿਗਿਆਨ ਦੇ ਮੰਨਣ ਯੋਗ ਨਹੀਂ ਹੈ। ਵਧ ਤੋਂ ਵਧ ਇਹ ਇਕ ਯੂਟੋਪੀਆ ਹੈ ਜਿਸਦਾ ਅਸਲੀ ਜ਼ਿੰਦਗੀ ਨਾਲ ਕੋਈ ਰਿਸ਼ਤਾ ਨਹੀਂ ਹੈ।

ਸੀ. ਪੀ. ਆਈ. ਨੇ ਸਾਡੇ ਤੇ ਦੋਸ਼ ਲਾਇਆ ਹੈ ਕਿ ਅਸੀਂ ਜੈ ਪ੍ਰਕਾਸ਼ ਨਾਲ ਆਂਢਾ-ਸਾਂਢਾ ਕਰ ਲਿਆ ਹੈ। ਤਾਂ ਅਸੀਂ ਸਪਸ਼ਟ ਰੂਪ ਵਿਚ ਇਹ ਕਹਿਣਾ ਚਾਹੁੰਦੇ ਹਾਂ ਕਿ ਜੈ. ਪ੍ਰਕਾਸ਼ ਨੇ ਇੰਦਰਾ ਗਾਂਧੀ ਤੇ ਡਾਂਗੇ ਗੁੱਟ ਦੀਆਂ ਧਮਕੀਆਂ ਅਤੇ ਧੌਂਸ ਦੇ ਸਾਹਮਣੇ ਅਡੋਲ ਤੇ ਦ੍ਰਿੜ੍ਹ ਰਹਿ ਕੇ ਜਿਸ ਲਾ-ਮਿਸਾਲ ਹੌਂਸਲੇ ਦਾ ਸਬੂਤ ਦਿਤਾ ਹੈ ਅਤੇ ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਢਾਂਚੇ ਦੇ ਖਿਲਾਫ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਅੰਦੋਲਨ ਦੀ ਅਗਵਾਈ ਜਿਸ ਨਿਡਰਤਾ ਨਾਲ ਕੀਤੀ ਹੈ ਉਹ ਬਿਨਾਂ ਸ਼ੱਕ ਹੀ ਸ਼ਲਾਘਾਯੋਗ ਹੈ। ਅਤੇ ਅਸੀਂ ਇਕ ਵਾਰ ਫਿਰ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਜਦੋਂ ਤਕ ਜੈ ਪ੍ਰਕਾਸ਼ ਸੱਤਾ ਘੋਲ ਕਰਦੇ ਰਹਿਣਗੇ ਤੇ ਜਦੋਂ ਤਕ ਸੱਤਾ ਉਨ੍ਹਾਂ ਤੇ ਹਮਲਾ ਕਰਦੀ ਰਹੇਗੀ, ਅਸੀਂ ਜੈ ਪ੍ਰਕਾਸ਼ ਦੀ ਹਿਮਾਇਤ ਕਰਾਂਗੇ। ਇਹੋ ਸਾਡਾ ਇਨਕਲਾਬੀ ਫਰਜ਼ ਹੈ।

ਸੋਧਵਾਦੀ ਡਾਂਗੇ ਗੁਟ ਨੇ ਜੈ ਪ੍ਰਕਾਸ਼ ਨੂੰ ਉਸ ਵੇਲੇ ਅਮਰੀਕਾ ਦਾ ਦਲਾਲ ਨਹੀਂ ਕਿਹਾ, ਜਦੋਂ ਉਹ ਨਾਗਾਲੈਂਡ ਦੀ ਜਨਤਾ ਦੇ ਹਥਿਆਰਬੰਦ ਘੋਲ ਨੂੰ ਸ਼ਾਂਤੀ ਤੇ ਸਮਝੌਤੇ ਦੀ ਰਾਹ ਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਸੀ। ਡਾਂਗੇ ਗੁਟ ਨੇ ਜੈ ਪ੍ਰਕਾਸ਼ ਨੂੰ ਉਸ ਵੇਲੇ ਵੀ ਕੁਛ ਨਹੀਂ ਕਿਹਾ ਜਦੋਂ ਉਹ ਕਸ਼ਮੀਰ ਦੇ ਸੁਆਲ ਤੇ ਭਾਰਤ ਸਰਕਾਰ ਦੀ ਸਿਰ ਪੀੜ ਹੌਲੀ ਕਰ ਰਹੇ ਸੀ। ਜ਼ਾਹਿਰ ਹੈ ਉਸ ਵੇਲੇ ਡਾਂਗੇ ਗੁਟ ਅਤੇ ਉਸਦੇ ਮਾਲਕਾਂ ਦਾ ਸਵਾਰਥ ਹਲ ਹੋ ਰਿਹਾ ਸੀ। ਡਾਂਗੇ ਗੁਟ ਦੀਆਂ ਨਜ਼ਰਾਂ ਵਿਚ ਜੈ ਪ੍ਰਕਾਸ਼ ਅਮਰੀਕੀ ਦਲਾਲ ਉਸ ਵੇਲੇ ਵੀ ਨਹੀਂ ਸੀ ਜਦੋਂ ਉਨ੍ਹਾਂ ਨੇ 'ਹਿਮਾਲਾ ਬਚਾਓ' ਸਮੇਲਨ ਬੁਲਾ ਕੇ ਭਾਰਤ ਸਰਕਾਰ ਦੇ 'ਚੀਨ-ਯੁੱਧ' ਦੀ ਹਿਮਾਇਤ ਕੀਤੀ ਸੀ, ਕਿਉਂਕਿ ਖੁਦ ਡਾਂਗੇ ਸਾਹਬ ਭਾਰਤ ਸਰਕਾਰ ਦੀ ਹਿਮਾਇਤ ਵਿਚ ਸਾਰੀ ਦੁਨੀਆਂ ਦਾ ਚੱਕਰ ਲਾ ਰਹੇ ਸੀ। ਅਤੇ ਫਿਰ ਜਦੋਂ ਬੰਗਲਾ ਦੇਸ਼ ਦੇ ਸੁਵਾਲ ਤੇ ਭਾਰਤੀ ਸੈਨਾ ਨੂੰ ਪਾਕਿਸਤਾਨ ਤੇ ਹਮਲਾ ਕਰਨ ਦਾ ਹੁਕਮ ਦੇ ਦਿਤਾ ਗਿਆ ਅਤੇ ਜੈ ਪ੍ਰਕਾਸ਼ ਨੇ ਉਸ ਨੂੰ ਮੁਕਤੀ-ਘੋਲ ਕਿਹਾ, ਉਸ ਵੇਲੇ ਵੀ ਡਾਂਗੇ ਗੁਟ ਨੇ ਜੈ ਪ੍ਰਕਾਸ਼ ਨੂੰ ਅਮਰੀਕੀ ਦਲਾਲ ਨਹੀਂ ਕਿਹਾ। ਪਰ ਅੱਜ ਜਦੋਂ ਉਹੋ ਇੰਦਰਾ ਦੇ ਫਾਸ਼ਿਜ਼ਮ ਦਾ ਵਿਰੋਧ ਕਰਦੇ ਹਨ। ਜਦੋਂ ਉਹ ਮੌਲਕ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾਉਂਦੇ ਹਨ, ਜਦੋਂ ਭਰਿਸ਼ਟਾਚਾਰ, ਮਹਿੰਗਾਈ ਅਤੇ ਉਸਦਾ ਮੂਲ ਕਾਰਨ ਮੌਜੂਦਾ ਢਾਂਚੇ ਨੂੰ ਬਦਲਣ ਦਾ ਸਦਾ ਦਿੰਦੇ ਹਨ, ਤਾਂ ਇੰਦਰਾ ਤੇ ਡਾਂਗੇ ਦੋਵਾਂ ਦੀਆਂ ਅੱਖਾਂ ਲਾਲ ਹੋ ਜਾਂਦੀਆਂ ਹਨ ਇਨ੍ਹਾਂ ਲੋਕਾਂ ਦੇ ਰਵੱਈਏ ਬਾਰੇ ਹੁਣ ਕਿਸੇ ਨੂੰ ਕੋਈ ਸ਼ਕ ਨਹੀਂ ਹੈ ਕਿ ਜਨਤਾ ਦੇ ਦੁਸ਼ਮਣਾਂ ਵਿਚੋਂ ਇਹ ਲੋਕ ਕਿਧਰ ਖਲੋਤੇ ਹਨ।

ਫਿਰ ਵੀ ਜਿਥੋਂ ਤਕ 'ਦਲ-ਰਹਿਤ-ਜਮਹੂਰੀਅਤ'

ਦੀ ਗੱਲ ਹੈ, ਉਹ ਅੱਜ ਲਈ ਅਤੇ ਕਾਫ਼ੀ ਲੰਮੇ ਸਮੇਂ ਲਈ ਵਿਸ਼ਾ ਨਹੀਂ ਹੈ। ਇਸ ਯੂਟੋਪੀਅਨ ਖ਼ਿਆਲ ਨਾਲ ਲੋਕਾਂ ਨੂੰ ਭੁਲੇਖਾ ਪੈਂਦਾ ਹੈ ਕਿ ਭਾਰਤ ਵਿਚ ਜਮਾਤਾਂ ਦੀ ਹੋਂਦ ਨਹੀਂ ਹੈ। 'ਦਲ-ਰਹਿਤ-ਜਮਹੂਰੀਅਤ' ਦਾ ਅੱਜ ਦੀ ਹਾਲਤ ਵਿਚ ਇਹੋ ਮਤਲਬ ਹੋਏਗਾ ਕਿ ਇਕ ਕਿਸਮ ਦੇ ਲੋਟੂਆਂ ਦੀ ਜਗ੍ਹਾ ਦੂਸਰੀ ਕਿਸਮ ਦੇ ਲੋਟੂ ਲੈ ਲੈਣਗੇ। ਇਸ ਲਈ ਸਾਡੀ ਪਾਰਟੀ 'ਦਲ-ਰਹਿਤ-ਜਮਹੂਰੀਅਤ' ਦੇ ਗੈਰ ਵਿਗਿਆਨਕ, ਗੈਰ ਹਕੀਕੀ ਤੇ ਹਾਨੀਕਾਰਕ ਸਮਝਦੀ ਹੈ। ਅਸੀਂ ਜਨਤਾ ਦੀ ਲੋਕਸ਼ਾਹੀ, 90 ਪ੍ਰਤੀਸ਼ਤ ਲਈ ਜਮਹੂਰੀਅਤ ਤੇ 10 ਪ੍ਰਤੀਸ਼ਤ ਲਈ ਤਾਨਾਸ਼ਾਹੀ ਦੇ ਪ੍ਰੋਗਰਾਮ ਨੂੰ ਦੇਸ਼-ਵਾਸੀਆਂ ਸਾਹਮਣੇ ਰਖਿਆ ਹੈ। ਮਾਰਕਸਵਾਦ-ਲੈਨਿਨਵਾਦ ਤੇ ਕੌਮਾਂਤਰੀ ਜਮਾਤੀ ਘੋਲਾਂ ਦਾ ਤਜਰਬਾ ਗਵਾਹ ਹੈ ਕਿ ਜਨਤਾ ਦੀ ਲੋਕਸ਼ਾਹੀ ਲੋਕ-ਵਿਰੋਧੀ ਜਮਾਤਾਂ ਦੇ ਵਿਰੋਧ ਨੂੰ ਕੁਚਲ ਕੇ ਹੀ ਨਵੇਂ ਸਮਾਜਿਕ ਢਾਂਚੇ ਨਿਰਮਾਣ ਕਰਦੀ ਹੈ। ਅਸੀਂ ਚੀਨ ਦੀ ਹੂ-ਬ-ਹੂ ਨਕਲ ਦੇ ਖ਼ਿਲਾਫ਼ ਹਾਂ। ਪਰ ਇਸ ਸਚਾਈ ਤੋਂ ਅਸੀਂ ਅੱਖਾਂ ਨਹੀਂ ਬੰਦ ਕਰ ਸਕਦੇ ਕਿ ਜਨਤਾ ਦੀ ਲੋਕਸ਼ਾਹੀ ਨੇ ਉਸ ਗਰੀਬ ਅਤੇ ਫਟੇ ਹਾਲ ਦੇਸ਼ ਨੂੰ ਤਰੱਕੀ ਅਤੇ ਖੁਸ਼ਹਾਲੀ ਦੇ ਸਿਖਰ ਤੇ ਚੜ੍ਹਾ ਦਿਤਾ ਹੈ। ਉਹ ਅਜ ਮੋਹਨਤਕਸ਼ ਜਨਤਾ ਲਈ ਸਵਰਗ ਬਣ ਗਿਆ ਹੈ।

ਇਨਕਲਾਬ ਦਾ ਰਾਹ ਕੀ ਹੋਏਗਾ, ਇਸ ਸਵਾਲ ਤੇ ਅੰਦੋਲਨ-ਕਾਰੀਆਂ ਵਿਚ ਵਖਰੇਵਾਂ ਹੈ। ਕੀ ਅਹਿੰਸਾ, ਦਿਲ ਬਦਲਣ ਜਾਂ ਦਇਆ ਦੇ ਦਰਸ਼ਨ ਨਾਲ, ਲੁਟ ਤੇ ਦਮਨ ਦੇ ਮੌਜੂਦਾ ਢਾਂਚੇ ਨੂੰ ਬਦਲਿਆ ਜਾ ਸਕਦਾ ਹੈ? ਅਸੀਂ ਇਥੇ ਇਹ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਅਸੀਂ ਹਿੰਸਾ ਦੇ ਪੁਜਾਰੀ ਨਹੀਂ ਹਾਂ। ਲੇਕਿਨ ਗਲ ਇਥੇ ਇੱਛਾ ਜਾਂ ਇਰਾਦੇ ਦੀ ਨਾ ਹੋ ਕੇ ਇਤਿਹਾਸਕ ਜ਼ਰੂਰਤ ਦੀ ਹੈ। ਸਮਾਜ-ਵਿਕਾਸ ਦੇ ਵਿਗਿਆਨਕ ਨਿਯਮਾਂ ਦੀ ਹੈ, ਜਿਹੜੀ ਆਦਮੀ ਦੀਆਂ ਇੱਛਾਵਾਂ ਜਾਂ ਇਰਾਦਿਆਂ ਤੋਂ ਆਜ਼ਾਦ ਹੁੰਦੀ ਹੈ। ਲੁਟੇਰੀ ਜਮਾਤ ਆਪਣੀ ਮਰਜ਼ੀ ਜਾਂ ਪ੍ਰੇਰਣਾ ਨਾਲ ਸੱਤਾ ਦਾ ਤਿਆਗ ਨਹੀਂ ਕਰਦੀ। ਐਸਾ ਮਨੁਖ-ਜਾਤ ਦੇ ਇਤਿਹਾਸ ਵਿਚ ਦਿਤੇ ਨਹੀਂ ਦੇਖਿਆ ਗਿਆ।

ਸਾਡੇ ਦੇਸ਼ ਦਾ ਇਤਿਹਾਸ ਵੀ ਇਹੋ ਸਿੱਧ ਕਰਦਾ ਹੈ। ਦੇਵਤਿਆਂ ਤੇ ਰਾਖਸ਼ਾਂ ਦਾ ਘੋਲ, ਰਾਮ-ਰਾਵਣ ਯੁਧ, ਮਹਾਂ ਭਾਰਤ ਯੁਧ, ਮਧ ਯੁਗ ਦੇ ਵਿਦੇਸ਼ੀ ਹਮਲਾਵਰਾਂ ਵਿਰੁਧ ਦੇਸੀ ਰਾਜਿਆਂ ਦਾ ਯੁਧ, ਬਰਤਾਨਵੀ ਸਾਮਰਾਜ-ਵਾਦ ਦੇ ਖ਼ਿਲਾਫ਼ ਸੰਨ ੧੮੫੭ ਤੋਂ ਲਗਾਤਾਰ ਛਿੜਨ ਵਾਲੇ ਮੁਕਤੀ ਸੰਗ੍ਰਾਮ, ਸਮੁੰਦਰੀ ਸੈਨਾ ਦੀ ਬਗ਼ਾਵਤ, ਤਿਲੰਗਾਨਾ ਦਾ ਹਥਿਆਰਬੰਦ ਗੁਰੀਲਾ ਯੁਧ, ਸੰਨ ੧੯੬੭ ਵਿਚ ਨਕਸਲਬਾੜੀ ਦੇ ਕਿਸਾਨ ਸੰਗ੍ਰਾਮ ਤੋਂ ਸ਼ੁਰੂ ਹੋਣ ਵਾਲਾ ਹਥਿਆਰਬੰਦ ਘੋਲ, ਇਹ ਅਤੇ ਯੂ. ਪੀ. ਦੀ ਪੀ. ਏ. ਸੀ. ਦੀ ਬਗ਼ਾਵਤ ਵੀ ਇਸ ਨਿਯਮ ਨੂੰ ਸਾਬਿਤ ਕਰਦੀ ਹੈ ਕਿ ਪਿੱਛਾਂ-ਖਿੱਚੂ ਹਿੰਸਾ ਦਾ ਜਵਾਬ ਇਨਕਲਾਬੀ ਹਿੰਸਾ ਹੀ ਹੈ। ਇਹ ਇਕ ਪਦਾਰਥਵਾਦੀ ਅਸੂਲ ਹੈ। ਇਸ ਅਸੂਲ ਤੇ ਚਲ ਕੇ ਹੀ ਪੁਰਾਣੇ ਢਾਂਚੇ ਨੂੰ ਬਦਲਿਆ ਜਾ ਸਕਦਾ ਏ ਅਤੇ ਨਵੇਂ ਢਾਂਚੇ ਦਾ ਨਿਰਮਾਣ ਕੀਤਾ ਜਾਂ ਸਕਦਾ ਹੈ। ਖੁਦ ਵਿਨੋਬਾ ਜੀ ਤੇ ਜੈ ਪ੍ਰਕਾਸ਼ ਨੇ ਭੂਮੀ ਦਾਨ ਅੰਦੋਲਨ ਦੇ ਜ਼ਰੀਏ ਭੂਮੀ-ਸੁਧਾਰਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਕੋਸ਼ਿਸ਼ ਪਿਛਲੇ ੨੩ ਸਾਲਾਂ ਤੋਂ ਚਲ ਰਹੀ ਹੈ। ਕਿੰਤੂ ਲਗ ਪਗ ਇਕ ਚੌਥਾਈ ਸਦੀ ਲੰਘ ਜਾਣ ਮਗਰੋਂ ਵੀ ਕੀ ਹਾਲਤ ਏ, ਇਹ ਕਿਸੇ ਕੋਲੋਂ ਲੁਕੀ ਹੋਈ ਨਹੀਂ। ਭੂਮੀ ਦਾਨ ਅੰਦੋਲਨ ਦੇ ਇਕ ਵਡੇ ਨੇਤਾ ਦਾਦਾ ਧਰਮਾਧਿਕਾਰੀ ਨੇ ਖੁਦ ਮੰਨਿਆਂ ਹੈ, ਕਿ ਭੂਮੀ-ਦਾਨ ਅੰਦੋਲਨ ਫੇਲ੍ਹ ਹੋ ਗਿਆ। ਦਿਲ ਬਦਲਣ, ਅਹਿੰਸਾ ਤੇ ਦਇਆ ਨਾਲ ਲੋਟੂ ਜਮਾਤਾਂ ਦੇ ਇਕ-ਅੱਧੇ ਆਦਮੀ ਨੂੰ ਬਦਲ ਸਕਦੇ ਹਾਂ, ਕਿੰਤੂ ਢਾਂਚੇ ਦਾ ਦਿਲ ਨਹੀਂ ਹੁੰਦਾ ਅਤੇ ਉਹ ਬਦਲ ਨਹੀਂ ਸਕਦਾ। ਬੁੱਧ ਨੇ ਐਸੀ ਕੋਸ਼ਿਸ਼ ਕੀਤੀ ਸੀ, ਪਰ ਉਥੇ ਸਿਰਫ ਮੱਠਾਂ ਦੇ ਭਿਖਸ਼ੂਆਂ ਵਿਚ ਕੁਝ ਬਰਾਬਰੀ ਕਾਇਮ ਹੋ ਸਕੀ ਸੀ, ਉਹ ਵੀ ਥੋੜੇ ਦਿਨਾਂ ਲਈ ਲੇਕਿਨ ਸਮਾਜਿਕ ਢਾਂਚੇ ਵਿਚ ਕੋਈ ਤਬਦੀਲੀ ਨਹੀਂ ਹੋਈ। ਅਜ ਵੀ ਸ਼ੇਖੋ ਦੌਰਾਂ ਦੇ ਆਸ਼ਰਮ-ਵਾਸੀਆਂ ਵਿਚ ਕੁਝ ਬਰਾਬਰੀ ਕਾਇਮ ਹੋ ਸਕਦੀ ਹੈ, ਪਰ ਉਹ ਥੋੜੇ ਦਿਨਾਂ ਲਈ ਹੋਏਗੀ ਅਤੇ ਉਸਦਾ ਸਮਾਜਕ-ਢਾਂਚੇ ਤੇ ਕੋਈ ਅਸਰ ਨਹੀਂ ਪੈ ਸਕੇਗਾ। ਇਸ ਲਈ, ਅਜ ਦੇਸ-ਵਾਸੀਆਂ ਨੂੰ ਸਮਾਜ-ਵਿਕਾਸ ਅਤੇ ਇਨਕਲਾਬਾਂ ਦੇ ਇਤਿਹਾਸ ਤੋਂ ਸਹੀ ਸਬਕ ਕਢਣਾ ਚਾਹੀਦਾ ਹੈ। ਕਾ: ਮਾਉ-ਜ਼ੇ-ਤੁੰਗ ਨੇ ਮਨੁਖ-ਜਾਤ ਦੇ ਸੰਪੂਰਣ ਇਤਿਹਾਸ ਦਾ ਨਿਚੋੜ ਕਢਕੇ ਇਨ੍ਹਾਂ ਮਸ਼ਹੂਰ ਸ਼ਬਦਾਂ ਵਿਚ ਰੱਖ ਦਿਤਾ ਹੈ ਕਿ 'ਰਾਜਸੀ ਤਾਕਤ ਦਾ ਜਨਮ ਬੰਦੂਕ ਦੀ ਨਾਲੀ ਵਿਚੋਂ ਹੁੰਦਾ ਹੈ।'

ਇਸ ਨਿਚੋੜ ਤੇ ਸਾਡੀ ਪਾਰਟੀ ਵੀ ਪਹੁੰਚੀ ਹੈ। ਸਾਡਾ ਯਕੀਨ ਹੈ ਕਿ ਇਨਕਲਾਬ ਨੂੰ ਜਿੱਤ ਤਕ ਲੈ ਜਾਣ

ਲਈ ਸਾਨੂੰ ਤਿੰਨ ਚਮਤਕਾਰੀ ਹਥਿਆਰਾਂ ਦੀ ਲੋੜ ਪਏਗੀ, ਉਹ ਹਨ—

(੧) ਇਕ ਇਨਕਲਾਬੀ ਪਾਰਟੀ

(੨) ਇਕ ਲੋਕ-ਸੈਨਾ ਅਤੇ

(੩) ਇਕ ਇਨਕਲਾਬੀ ਸਾਂਝਾ ਮੋਰਚਾ।

ਸ਼ਹਿਰਾਂ ਨੂੰ ਦੁਸ਼ਮਣ ਜਮਾਤਾਂ ਨੇ ਆਪਣੇ ਕਿਲਿਆਂ ਵਿਚ ਬਦਲ ਦਿਤਾ ਹੈ, ਕਿੰਤੂ ਪਿੰਡਾਂ ਵਿਚ ਪਿਛੜੇ ਪੇਂਡੂ ਇਲਾਕਿਆਂ ਵਿਚ ਦੁਸ਼ਮਨ ਦਾ ਸ਼ਾਸਨ ਕਾਫੀ ਕਮਜ਼ੋਰ ਹੈ। ਫੌਜਾਂ ਦੀ ਆਵਾਜਾਈ ਆਦਿ ਦੇ ਸਾਧਨ ਵੀ ਘਟ ਹਨ। ਐਸੇ ਪੇਂਡੂ ਇਲਾਕਿਆਂ ਨੂੰ ਹੀ ਇਨਕਲਾਬੀ ਆਧਾਰ ਇਲਾਕਿਆਂ ਵਿਚ ਬਦਲਿਆ ਜਾ ਸਕਦਾ ਹੈ ਅਤੇ ਲੋਕ-ਸੈਨਾ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਨਕਲਾਬੀ ਤਾਕਤਾਂ ਨੂੰ ਕਮਜ਼ੋਰ ਤੋਂ ਤਾਕਤਵਰ ਬਨਾਣ ਲਈ ਗੈਰ ਜਥੇਬੰਦੀ ਤੋਂ ਜਥੇਬੰਦ ਹੋਣ ਲਈ ਪਿੰਡਾਂ ਤੇ ਭਰੋਸਾ ਕਰਨਾ ਹੋਏਗਾ ਅਤੇ ਹਥਿਆਰਬੰਦ ਗੁਰੀਲਾ ਘੋਲ ਦੀ ਨੀਤੀ ਅਪਨਾਣੀ ਹੋਵੇਗੀ। ਤਾਕਤਵਰ ਮੁਗਲ ਸਾਮਰਾਜ ਦੇ ਖਿਲਾਫ ਗੁਰੀਲਾ ਯੁਧ ਦੀ ਨੀਤੀ ਸ਼ਿਵਾ ਜੀ, ਗੁਰੂ ਗੋਬਿੰਦ ਸਿੰਘ ਤੇ ਬੰਦੇ ਬਹਾਦਰ ਨੇ ਅਪਨਾਈ ਸੀ। ੧੮੫੭ ਵਿਚ ਕੁੰਵਰ ਸਿੰਘ ਤੇ ਤਾਂਤਿਆ ਟੋਪੇ ਨੇ ਇਸੇ ਨੀਤੀ ਨੂੰ ਅਪਨਾਇਆ ਸੀ। ਭੋਪਲਾ ਵਿਦਰੋਹ, ਮਰੂੰਡਾ ਤੇ ਸੰਥਾਲ ਵਿਦਰੋਹ ਵਿਚ ਗੁਰੀਲਾ ਲੜਾਈ ਦੀ ਨੀਤੀ ਵਰਤੀ ਗਈ ਅਤੇ ਫਿਰ ਤਿਲੰਗਾਨਾ ਤੇ ਨਕਸਲਬਾੜੀ ਵਿਚ ਇਹੋ ਨੀਤੀ ਸਹੀ ਸਿੱਧ ਹੋਈ। ਇਸੇ ਨੀਤੀ ਨੂੰ ਚੀਨ ਦੇ ਮੁਕਤੀ ਘੋਲ ਵਿਚ ਕਾ: ਮਾਓ-ਜ਼ੇ-ਤੁੰਗ ਨੇ ਸਫਲਤਾ ਨਾਲ ਵਰਤਿਆ ਅਤੇ ਜਿੱਤ ਪ੍ਰਾਪਤ ਕੀਤੀ ਅਤੇ ਫਿਰ ਵੀਤਨਾਮ ਵਰਗੇ ਆਕਾਰ ਵਿਚ ਛੋਟੇ ਦੇਸ਼ ਨੇ ਅਮਰੀਕਾ ਵਰਗੇ ਤਾਕਤਵਰ ਸਾਮਰਾਜ ਨੂੰ ਇਸੇ ਨੀਤੀ ਨਾਲ ਪਛਾੜ ਦਿਤਾ।

ਇਸ ਲਈ ਕਿਸਾਨਾਂ ਤੇ ਭਰੋਸਾ ਕਰਨਾ, ਲੰਮੇ ਹਥਿਆਰ ਬੰਦ ਘੋਲ ਦੇ ਜ਼ਰੀਏ ਪੇਂਡੂ ਆਧਾਰ ਇਲਾਕਿਆਂ ਦੀ ਸਥਾਪਨਾ ਕਰਨੀ, ਸ਼ਹਿਰਾਂ ਨੂੰ ਪਿੰਡਾਂ ਨਾਲ ਘੇਰ ਲੈਣਾ ਅਤੇ ਅੰਤ ਵਿਚ ਸ਼ਹਿਰਾਂ ਤੇ ਕਬਜ਼ਾ ਕਰ ਲੈਣਾ—ਇਹੋ ਰਾਹ ਭਾਰਤੀ ਇਨਕਲਾਬ ਦਾ ਰਾਹ ਹੈ। ਇਹੋ ਹੀ ਲੰਮੇ ਲੋਕ ਯੁਧ ਦਾ ਰਾਹ ਹੈ। ਇਹ ਘੋਲ ਲੰਮਕਵਾਂ ਇਸ ਲਈ ਹੁੰਦਾ ਹੈ ਕਿ ਇਨਕਲਾਬੀ ਤਾਕਤਾਂ ਸ਼ੁਰੂ ਵਿਚ ਕਮਜ਼ੋਰ ਹੁੰਦੀਆਂ ਹਨ ਅਤੇ ਉਲਟ-ਇਨਕਲਾਬੀ ਰਾਜ ਸੱਤਾ ਮਜ਼ਬੂਤ ਹੁੰਦੀ ਹੈ। ਕਿੰਤੂ ਜਨਤਾ ਦੀਆਂ ਇਛਾਵਾਂ ਦੀ ਨੁਮਾਇੰਦਾ ਇਨਕਲਾਬੀ ਤਾਕਤਾਂ ਕਮਜ਼ੋਰ ਤੋਂ ਮੁਕਾਬਲਤਨ ਮਜ਼ਬੂਤ ਹੁੰਦੀਆਂ ਜਾਂਦੀਆਂ ਹਨ ਅਤੇ ਲੋਕ-ਵਿਰੋਧੀ ਰਾਜ-ਸੱਤਾ ਮਜ਼ਬੂਤ ਤੋਂ ਮੁਕਾਬਲਤਨ ਕਮਜ਼ੋਰ ਹੁੰਦੀ ਹੈ।

ਇਸੇ ਦ੍ਰਿਸ਼ਟੀ ਤੋਂ ਅਸੀਂ ਵਿਦਿਆਰਥੀ ਅਤੇ ਨੌਜਵਾਨਾਂ ਨੂੰ, ਜੋ ਅਜੇ ਅੰਦੋਲਨ ਵਿਚ ਸਭ ਤੋਂ ਅੱਗੇ ਹਨ, ਸੱਦਾ ਦਿੰਦੇ ਹਾਂ ਕਿ ਉਨ੍ਹਾਂ ਨੂੰ 'ਤੱਟ-ਫੱਟ ਜਿੱਤ' ਦਾ ਮੋਹ ਛੱਡ ਦੇਣਾ ਚਾਹੀਦਾ ਹੈ ਅਤੇ ਲੰਮੀ ਲੜਾਈ ਲਈ ਆਪਣੇ ਆਪਨੂੰ ਵਿਚਾਰ ਧਾਰਕ ਤੌਰ ਤੇ ਤਿਆਰ ਕਰ ਲੈਣਾ ਚਾਹੀਦਾ ਹੈ। ਮੌਜੂਦਾ ਢਾਂਚੇ ਨੂੰ ਵਗਾਹ ਮਾਰਨ ਦਾ ਘੋਲ ਅਵੱਸ਼ ਜਿੱਤੇਗਾ, ਪਰ ਛੇਤੀ ਨਹੀਂ। ਭਵਿੱਖ ਉਜਲਾ ਹੈ, ਪਰ ਰਾਹ ਔਖਾ ਹੈ।

ਇਸੇ ਦ੍ਰਿਸ਼ਟੀ ਤੋਂ ਅਸੀਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਸੱਦਾ ਦਿੰਦੇ ਹਾਂ ਕਿ ਉਨ੍ਹਾਂ ਨੂੰ ਆਪਣੀ ਮੁੱਖ ਤਾਕਤ ਪਿੰਡਾਂ ਵਿਚ ਕਿਸਾਨਾਂ ਨੂੰ ਜਥੇਬੰਦ ਕਰਨ ਵਿਚ ਲਾ ਦੇਣੀ ਚਾਹੀਦੀ ਹੈ। ਜ਼ਮੀਨੀ ਸੁਧਾਰ ਲਾਗੂ ਕਰਨ ਲਈ ਘੋਲ ਚਲਾਉਣਾ ਚਾਹੀਦਾ ਹੈ। ਜਗੀਰ-ਦਾਰਾਂ ਦੇ ਖਿਲਾਫ ਕਿਸਾਨੀ ਘੋਲ ਚਲਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਹਥਿਆਰਬੰਦ ਗੁਰੀਲਾ ਦਸਤੇ ਬਨਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਵਿਕਸਤ ਕਰ ਲੋਕ ਸੈਨਾ ਦਾ ਨਿਰਮਾਣ ਕਰਨਾ ਚਾਹੀਦਾ ਹੈ।

ਇਸੇ ਦ੍ਰਿਸ਼ਟੀ ਤੋਂ ਅਸੀਂ ਕਹਿੰਦੇ ਹਾਂ ਕਿ ਵਿਅਕਤੀ-ਗਤ ਦਹਿਸ਼ਤ ਪਸੰਦੀ ਤੇ ਪਾਰਲੀਮਾਨੀ ਰਾਹ ਦਾ ਬਾਈਕਾਟ ਕਰਨਾ ਚਾਹੀਦਾ ਹੈ ਅਤੇ ਲੰਮੇ ਲੋਕ ਯੁਧ ਦਾ ਰਾਹ ਅਪਨਾਉਣਾ ਚਾਹੀਦਾ ਹੈ।

ਇਸੇ ਦ੍ਰਿਸ਼ਟੀ ਨਾਲ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਨੂੰ ਸਿਰਫ ਵਿਧਾਨ ਸਭਾ ਤੋੜਨ ਤਕ ਸੀਮਿਤ ਨਹੀਂ ਰਹਿਣਾ ਚਾਹੀਦਾ ਬਲਕਿ ਚੋਣਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਜਨਤਾ ਦੀ ਸਮਾਨਅੰਤਰ ਸੱਤਾ ਵਿਕਸਿਤ ਕਰਨੀ ਚਾਹੀਦੀ ਹੈ।

ਇਸੇ ਦ੍ਰਿਸ਼ਟੀ ਨਾਲ ਅਸੀਂ ਅੱਜ ਸੱਦਾ ਦਿੰਦੇ ਹਾਂ ਕਿ ਮੌਜੂਦਾ ਸਰਕਾਰ ਨਾਲ ਪੂਰਨ ਨਾ-ਮਿਲਵਰਤਨ ਕਰਨੀ ਚਾਹੀਦੀ ਹੈ। ਕਿਸਾਨ ਲਗਾਨ ਦੇਣਾ ਬੰਦ ਕਰ ਦੇਣ। ਵਿਉਪਾਰੀ ਤੇ ਪੇਸ਼ਾਵਰ ਲੋਕ ਟੈਕਸ ਦੇਣਾ ਬੰਦ ਕਰ ਦੇਣ। ਕਚਿਹਰੀਆਂ ਦਾ ਬਾਈਕਾਟ ਹੋਵੇ। ਇਨ-ਕਲਾਬੀ ਜਨ-ਸਮਿਤੀਆਂ ਬਣਾਈਆਂ ਜਾਣ ਅਤੇ ਜਨਤਾ ਨੂੰ ਅੰਦੋਲਨ ਵਿਚ ਪਾਇਆ ਜਾਏ ਤਾਂ ਕਿ ਉਹ ਇਨ੍ਹਾਂ ਸਮਿਤੀਆਂ ਨੂੰ ਆਪਣੀ ਸੱਤਾ ਸਮਝਣ। ਸਾਨੂੰ ਇਹ ਧਿਆਨ ਵਿਚ ਰਖਣਾ ਚਾਹੀਦਾ ਹੈ ਕਿ ਪਿੰਡਾਂ ਵਿਚ

ਸਰਵਹਾਰਾ ਦ੍ਰਿਸ਼ਟੀਕੋਣ ਨਾਲ ਲੈਸ ਬੇਜ਼ਮੀਨੇ ਅਤੇ ਗਰੀਬ ਕਿਸਾਨ ਤੇ ਸ਼ਹਿਰਾਂ ਵਿਚ ਮਜ਼ਦੂਰ ਵਰਗ ਹੀ ਇਨ੍ਹਾਂ ਜਨ-ਸਮਿਤੀਆਂ ਵਿਚ ਅਗਵਾਈ ਕਰਨ, ਨਹੀਂ ਤਾਂ ਇਹ ਵੀ ਭ੍ਰਿਸ਼ਟ ਹੋ ਜਾਣਗੀਆਂ।

ਮੌਜੂਦਾ ਘੋਲ ਨੂੰ ਇਸ ਢੰਗ ਨਾਲ ਜੋੜਨਾ ਹੋਏਗਾ।

ਆਓ, ਇਸ ਪਵਿਤਰ ਕੰਮ ਵਿਚ ਆਪਣੀ ਸਾਰੀ ਤਾਕਤ ਲਾ ਦੇਈਏ।

## ਇਕ ਸਪਸ਼ਟੀ-ਕਰਨ / ਪ੍ਰਮਾਤਮਾ ਪਾਰਸ

ਰਣਜੀਤ ਪੁਰੀ (ਸੁਖਪਾਲ) ਨੇ 'ਪਾਸ਼' ਨਾਲ ਵਾਰਤਾ-ਲਾਪ ਕਰਦਿਆਂ ਹੋਇਆਂ (ਅਗਸਤ ਸਰਦਲ) ਅਖੀਰ ਤੇ ਮੇਰਾ ਜੂਨ ਅੰਕ ਸਰਦਲ ਵਿਚ ਸਭ ਤੋਂ ਅਖੀਰਲੇ ਸਫੇ ਤੇ ਮਈ ਅੰਕ ਬਾਰੇ ਮੇਰੀ ਰਾਏ ਤੇ ਟਿੱਪਣੀ ਕੀਤੀ ਏ। ਮੈਂ ਰਣਜੀਤ ਪੁਰੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੀ ਰਾਏ ਸੰਪਾਦਕ ਨੇ ਪੂਰੀ ਨਹੀਂ ਛਾਪੀ। ਇਹਦੇ ਬਾਰੇ ਮੈਨੂੰ ਨਹੀਂ ਪਤਾ ਕਿ ਕਿਉਂ ਨਹੀਂ ਛਾਪੀ ਜਾਂ ਥਾਂ ਦੀ ਘਾਟ ਸੀ ਜਾਂ ਕੀ ਗੱਲ ਸੀ। ਜੇਕਰ ਉਹ ਪੂਰੀ ਰਾਏ ਪ੍ਰਕਾਸ਼ਤ ਕਰ ਦਿੰਦੇ ਤਾਂ ਪੁਰੀ ਨੂੰ ਲਿਖਣ ਦੀ ਲੋੜ ਨਾ ਪੈਂਦੀ। ਮੇਰਾ ਮਤਲਬ ਖੁੱਲ੍ਹੀ ਕ੍ਰਾਂਤੀਕਾਰੀ ਕਵਿਤਾ ਤੋਂ ਸੀ, ਜਿਸ ਬਾਰੇ ਮੈਂ ਉਦਾਹਰਣਾਂ ਵੀ ਦਿਤੀਆਂ ਸਨ। ਨਾ ਕਿ ਤੁਕਾਂਤ ਛੰਦ-ਬੰਦ ਗੀਤਾਂ ਤੋਂ। ਲਿਖਣ ਲਈ ਧੰਨਵਾਦ।

## ਗਦਰ ਪਾਰਟੀ ਦਿਵਸ

੧੫ ਸਤੰਬਰ (ਐਤਵਾਰ) ਦਿਨ ਦੇ ੧ ਵਜੇ ਤੋਂ ਰਾਤ ਦੇ ੧੦ ਵਜੇ ਤਕ ਓਪਨ-ਏਅਰ ਥਿਏਟਰ (ਨਜ਼ਦੀਕ ਐਨਮ ਸਿਨੇਮਾ) ਅੰਮ੍ਰਿਤਸਰ ਵਿਖੇ ਮਨਾਇਆ ਜਾਏਗਾ।

**ਪਰੋਗਰਾਮ :**

੧ ਵਜੇ ਤੋਂ ੬ ਵਜੇ ਤਕ ਭਾਸ਼ਣ —

(ੳ) ਗਦਰ ਪਾਰਟੀ ਦੀ ਭਾਰਤੀ ਇਨਕਲਾਬ ਨੂੰ ਦੇਣ ਅਤੇ ਅਜੋਕੀ ਇਨਕਲਾਬੀ ਲਹਿਰ ਲਈ ਸਬਕ।

(ਅ) ਦੇਸ਼ ਦੀਆਂ ਸਮੱਸਿਆਵਾਂ ਤੇ ਨੌਜਵਾਨ।

੭ ਵਜੇ ਤੋਂ ੧੦ ਵਜੇ ਤਕ

ਕਵਿਤਾਵਾਂ, ਗੀਤਾਂ ਅਤੇ ਨਾਟਕਾਂ ਦਾ ਸਭਿਆਚਾਰਕ ਪ੍ਰੋਗਰਾਮ।

ਸ਼ਹੀਦ ਯਾਦਗਾਰ ਕਮੇਟੀ, ਅੰਮ੍ਰਿਤਸਰ।

**ਅੰਮ੍ਰਿਤਸਰ ਨਾਟਕ-ਕਲਾ ਕੇਂਦਰ**

ਵਲੋਂ

**ਬਲਰਾਜ ਸਾਹਨੀ ਯਾਦਗਾਰ ਨਾਟਕ ਮੇਲਾ**

੧੯—੨੦ ਅਕਤੂਬਰ

ਓਪਨ ਏਅਰ ਥਿਏਟਰ ਗਾਂਧੀ ਗਰਾਊਂਡ, ਅੰਮ੍ਰਿਤਸਰ ਵਿਖੇ ਹੋ ਰਿਹਾ ਹੈ।

ਪੰਜਾਬ ਭਰ ਦੀਆਂ ਨਾਟਕੀ ਟੀਮਾਂ ਨੂੰ ਇਸ ਵਿਚ ਹਿੱਸਾ ਲੈਣ ਦਾ ਸੱਦਾ ਹੈ।

ਵਿਸਥਾਰ ਲਈ —

ਸਕੱਤਰ, ਅੰਮ੍ਰਿਤਸਰ ਨਾਟਕ ਕਲਾ-ਕੇਂਦਰ

ਤੇਜ ਪ੍ਰੈਸ, ਕਟੜਾ ਸ਼ੇਰ ਸਿੰਘ, ਨੂੰ ਲਿਖੋ।

ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਸ: ਹਰਬੰਸ ਸਿੰਘ ਜੌਲੀ ਦੀ ਨਿਗਰਾਨੀ ਹੇਠ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਘਨਈਆਂ ਅੰਮ੍ਰਿਤਸਰ ਤੋਂ ਛਪਵਾ ਕੇ, ਦਫਤਰ ਸਰਦਲ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਪ੍ਰਕਾਸ਼ਨ ਮਿਤੀ ਤਰੰਬਰ 2, 1974.